ਕੈਨੇਡੀਅਨ
# ਪੰਜਾਬੀ ਪੋਸਟ

Award winning newspaper | Canadian Punjabi Post

Vol 19*Issue 144 Thursday, July 30, 2020 Tel: 905-793-2202 | Fax: 905-793-2282 | news@punjabipost.ca

To view our online newspaper visit punjabipost.ca/epaper **THE ONLY DAILY PUNJABI NEWSPAPER** *ਹੁਣ ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ*



Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6



JOSHI LAW OFFICE
Barrister, Solicitor & Notary Public
❖ Immigration
❖ Real Estate
❖ Commercial Law
❖ Affidavit
❖ Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON


# ਮਨੁੱਖੀ ਸਮਗਲਿੰਗ ਰੋਕਣ ਲਈ ਫੈਡਰਲ ਸਰਕਾਰ ਨੇ 19 ਮਿਲੀਅਨ ਡਾਲਰ ਦੇਣ ਦਾ ਕੀਤਾ ਐਲਾਨ

ਮਿਡਲਸੈਕਸ ਸੈਂਟਰ, ਓਨਟਾਰੀਓ, 29 ਜੁਲਾਈ (ਪੋਸਟ ਬਿਊਰੋ) : ਮਨੁੱਖੀ ਸਮਗਲਿੰਗ ਦੌਰਾਨ ਬਚਾਏ ਗਏ ਵਿਅਕਤੀਆਂ ਦੀ ਮਦਦ ਲਈ ਤਿਆਰ ਕੀਤੇ ਗਏ ਕੁੱਝ ਪ੍ਰੋਗਰਾਮਾਂ ਨੂੰ ਮੁੜ ਸ਼ੁਰੂ ਕਰਨ ਦੇ ਇਰਾਦੇ ਨਾਲ ਫੈਡਰਲ ਸਰਕਾਰ ਵੱਲੋਂ ਫੰਡ ਮੁਹੱਈਆ ਕਰਵਾਏ ਜਾਣਗੇ।



ਬੁੱਧਵਾਰ ਨੂੰ ਫੈਡਰਲ ਸਰਕਾਰ ਨੇ ਮਨੁੱਖੀ ਸਮਗਲਿੰਗ ਰੋਕਣ ਲਈ ਤੇ ਇਸ ਦਾ ਸ਼ਿਕਾਰ ਹੋਏ ਲੋਕਾਂ ਦੀ ਮਦਦ ਲਈ 19 ਮਿਲੀਅਨ ਡਾਲਰ ਦੇ ਫੰਡਾਂ ਦਾ ਐਲਾਨ ਕੀਤਾ। ਇਹ ਫੈਡਰਲ ਫੰਡਿੰਗ ਮਨੁੱਖੀ ਸਮਗਲਿੰਗ ਨੂੰ ਰੋਕਣ ਲਈ ਚਾਰ ਸਾਲਾ ਨੈਸ਼ਨਲ ਸਟ੍ਰੈਟੇਜੀ ਦਾ ਹਿੱਸਾ ਹੈ। ਮਈ ਵਿੱਚ ਮੁੱਕੀ ਪੰਜ ਸਾਲਾ ਫੈਡਰਲ ਫੰਡਿੰਗ ਕਾਰਨ ਲੰਡਨ ਐਬਿਊਜ਼ਡ ਵੁਮਨਜ਼ ਸੈਂਟਰ ਨੂੰ ਆਪਣਾ ਉਹ ਪ੍ਰੋਗਰਾਮ ਬੰਦ ਕਰਨ ਲਈ ਮਜਬੂਰ ਹੋਣਾ ਪਿਆ ਜਿਸ ਰਾਹੀਂ ਮਨੁੱਖੀ ਸਮਗਲਿੰਗ, ਵੇਸ਼ਵਾਗਮਨੀ, ਜਿਨਸੀ ਸ਼ੋਸ਼ਣ ਦਾ ਸ਼ਿਕਾਰ ਹੋਈਆਂ 3100 ਔਰਤਾਂ ਤੇ ਲੜਕੀਆਂ ਦੀ ਮਦਦ ਕੀਤੀ ਗਈ ਸੀ।

ਇੱਕ ਸਾਬਕਾ ਸੈਕਸ ਟਰੇਡ ਵਰਕਰ, ਜਿਸ ਦੀ ਲੰਡਨ, ਓਨਟਾਰੀਓ ਪ੍ਰੋਗਰਾਮ ਰਾਹੀਂ ਮਦਦ ਕੀਤੀ ਗਈ ਸੀ, ਨੇ ਇਸ ਸਰਵਿਸ ਨੂੰ ਮੁੜ ਸ਼ੁਰੂ ਕਰਨ ਲਈ ਆਪਣੀ ਹੱਡਬੀਤੀ ਵੀ ਸੁਣਾਈ। ਇਸ ਤੋਂ ਕੁੱਝ ਸਮੇਂ ਬਾਅਦ ਹੀ ਲੰਡਨ ਏਰੀਆ ਦੇ ਐਮਪੀਜ਼ ਕੰਜ਼ਰਵੇਟਿਵ ਕੈਰਨ ਵੈਚੀਓ ਤੇ ਐਨਡੀਪੀ ਦੀ ਲਿੰਡਸੇ ਮੈਥੀਸਨ ਨੇ ਪ੍ਰਧਾਨ ਮੰਤਰੀ ਤੇ ਹੋਰਨਾਂ ਐਮਪੀਜ਼ ਨੂੰ ਲਿਖੇ ਖੁੱਲ੍ਹੇ ਪੱਤਰ ਵਿੱਚ ਇਸ ਮਹਿਲਾ ਆਰਗੇਨਾਈਜ਼ੇਸ਼ਨ ਲਈ ਫੰਡ ਦੇਣ ਦੀ ਮੰਗ ਕੀਤੀ।

ਹਾਲਾਂਕਿ ਇਹ ਫੰਡ ਇੱਕ ਚੰਗੀ ਖਬਰ ਹਨ ਪਰ ਕਿਸੇ ਵੀ ਤਰ੍ਹਾਂ ਦੇ ਪ੍ਰੋਜੈਕਟ ਲਈ ਜੇ ਮਦਦ ਦੀ ਲੋੜ ਹੈ ਤਾਂ ਉਸ ਲਈ ਅਜੇ ਵੀ 4 ਸਤੰਬਰ ਤੱਕ ਜਾਂ ਤਾਂ ਵੁਮਨ ਐਂਡ ਜੈਂਡਰ ਇਕੁਆਲਟੀ ਕੈਨੇਡਾ ਜਾਂ ਪਬਲਿਕ ਸੇਫਟੀ ਕੈਨੇਡਾ ਰਾਹੀਂ ਅਪਲਾਈ ਕਰਨਾ ਹੋਵੇਗਾ।

# ਟਰੂਡੋ ਤੋਂ ਪੂਰਾ ਸੱਚ ਜਾਨਣ ਦੀ ਮੰਗ ਕਰ ਰਹੇ ਹਨ ਐਮਪੀਜ਼



ਓਟਵਾ, 29 ਜੁਲਾਈ (ਪੋਸਟ ਬਿਊਰੋ) : ਵੁਈ ਚੈਰਿਟੀ ਸਟੂਡੈਂਟ ਗ੍ਰਾਂਟ ਸਕੈਂਡਲ ਦੇ ਮਾਮਲੇ ਵਿੱਚ ਹਾਊਸ ਆਫ ਕਾਮਨਜ਼ ਦੀ ਫਾਇਨਾਂਸ ਕਮੇਟੀ ਸਾਹਮਣੇ ਪੇਸ਼ ਹੋ ਕੇ ਆਪਣਾ ਪੱਖ ਰੱਖਣ ਦੀ ਤਿਆਰੀ ਕਰ ਰਹੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਅਤੇ ਉਨ੍ਹਾਂ ਦੀ ਚੀਫ ਆਫ ਸਟਾਫ ਕੈਟੀ ਟੈਲਫੋਰਡ ਤੋਂ ਵਿਰੋਧੀ ਧਿਰਾਂ ਦੇ ਐਮਪੀ ਪੂਰਾ ਸੱਚ ਜਾਨਣ ਦੀ ਮੰਗ ਕਰ ਰਹੇ ਹਨ। ਇਨ੍ਹਾਂ ਐਮਪੀਜ਼ ਦਾ ਇਹ ਵੀ ਆਖਣਾ ਹੈ ਕਿ ਵੀਰਵਾਰ ਨੂੰ ਹੋਣ ਵਾਲੀ ਇਸ ਮਾਮਲੇ ਦੀ ਸੁਣਵਾਈ ਦੌਰਾਨ ਟਰੂਡੋ ਆਪਣੇ ਵੱਲੋਂ ਨਿਭਾਈ ਗਈ ਭੂਮਿਕਾ ਦਾ ਪੂਰਾ ਲੇਖਾ ਜੋਖਾ ਦੇਣ।

ਕੰਜ਼ਰਵੇਟਿਵ ਐਮਪੀ ਪਿਏਰੇ ਪੋਇਲੀਵਰ ਨੇ ਆਖਿਆ ਕਿ ਅਸੀਂ ਸਿਰਫ ਤੇ ਸਿਰਫ ਸੱਚ ਜਾਨਣਾ ਚਾਹੁੰਦੇ ਹਾਂ। ਬੁੱਧਵਾਰ ਨੂੰ ਉਹ ਇਹ ਮਤਾ ਪਾਸ ਕਰਵਾਉਣ ਵਿੱਚ ਕਾਮਯਾਬ ਰਹੇ ਕਿ ਟਰੂਡੋ ਤਿੰਨ ਘੰਟੇ ਤੱਕ ਆਪਣਾ ਪੱਖ ਰੱਖਣਗੇ ਤੇ ਟੈਲਫੋਰਡ ਦੋ ਘੰਟੇ ਤੱਕ ਪੁੱਛਗਿੱਛ ਵਿੱਚ ਹਿੱਸਾ ਲਵੇਗੀ। ਇਸ ਤੋਂ ਪਹਿਲਾਂ ਦੋਵਾਂ ਨੇ ਇੱਕ ਇੱਕ ਘੰਟਾ ਹੀ ਇਸ ਪੁੱਛਗਿੱਛ ਦਾ ਹਿੱਸਾ ਬਣਨਾ ਸੀ।

ਪੋਇਲੀਵਰ ਨੇ ਆਖਿਆ ਕਿ ਜੇ ਟਰੂਡੋ ਨੇ ਇਸ ਵਾਰੀ ਤਸੱਲੀਬਖਸ਼ ਉੱਤਰ ਨਾ ਦਿੱਤੇ ਤਾਂ ਉਨ੍ਹਾਂ ਨੂੰ ਦੂਜੀ ਵਾਰੀ ਸਤੰਬਰ ਵਿੱਚ ਸੱਦਿਆ ਜਾਵੇਗਾ ਤੇ ਹਾਊਸ ਆਫ ਕਾਮਨਜ ਵੀ ਇਸ ਮਾਮਲੇ ਵਿੱਚ ਉਦੋਂ ਹੀ ਵੋਟ ਕਰੇਗਾ।

ਐਨਡੀਪੀ ਆਗੂ ਜਗਮੀਤ ਸਿੰਘ ਨੇ ਆਖਿਆ ਕਿ ਉਹ ਹਾਲ ਦੀ ਘੜੀ ਟਰੂਡੋ ਤੋਂ ਅਸਤੀਫਾ ਨਹੀਂ ਮੰਗਣਗੇ। ਉਨ੍ਹਾਂ ਆਖਿਆ ਕਿ ਉਹ ਇਸ ਮਾਮਲੇ ਦੀ ਤਹਿ ਤੱਕ ਜਾਣਾ ਚਾਹੁੰਦੇ ਹਨ ਤੇ ਸਥਿਤੀ ਦਾ ਜਾਇਜ਼ਾ ਲੈਣ ਤੋਂ ਬਾਅਦ ਹੀ ਇਸ ਬਾਰੇ ਤੈਅ ਕਰਨਗੇ ਕਿ ਕਿਹੋ ਜਿਹੇ ਮਾਪਦੰਡ ਅਪਣਾਏ ਜਾਣ। ਉਨ੍ਹਾਂ ਆਖਿਆ ਕਿ ਇਹ ਵੀ ਪਤਾ ਲੱਗਿਆ ਹੈ ਕਿ ਇਸ ਮਾਮਲੇ ਵਿੱਚ ਸਿਰਫ ਟਰੂਡੋ ਹੀ ਸ਼ਾਮਲ ਨਹੀਂ ਸਨ, ਇਸ ਲਈ ਅਸੀਂ ਤੇ ਕੈਨੇਡੀਅਨ ਇਹ ਜਾਨਣਾ ਚਾਹੁੰਦੇ ਹਾਂ ਕਿ ਅਸਲ ਵਿੱਚ ਕੌਣ ਕੌਣ ਇਸ ਮਾਮਲੇ ਵਿੱਚ ਸ਼ਾਮਲ ਸੀ। ਜਗਮੀਤ ਸਿੰਘ ਨੇ ਆਖਿਆ ਕਿ ਹੁਣ ਤੱਕ ਸਾਹਮਣੇ ਆਏ ਤੱਥਾਂ ਤੋਂ ਇਹੋ ਪਤਾ ਲੱਗਦਾ ਹੈ ਕਿ ਟਰੂਡੋ ਤੇ ਲਿਬਰਲ ਸਰਕਾਰ ਬੰਦ ਦਰਵਾਜ਼ਿਆਂ ਦੇ ਪਿੱਛੇ ਲੁਕ ਕੇ ਆਪਣੇ ਨਜ਼ਦੀਕੀ ਦੋਸਤਾਂ ਨੂੰ ਕਈ ਮਿਲੀਅਨ ਡਾਲਰ ਦੇਣ ਦੀ ਤਿਆਰੀ ਕਰ ਰਹੀ ਸੀ।

# ਭਾਰਤ ਵਿੱਚ ਪਹੁੰਚੇ ਰਾਫੇਲ ਲੜਾਕੂ ਜਹਾਜ਼ ਦਾ 'ਵਾਟਰ ਸੈਲਿਊਟ' ਨਾਲ ਸਵਾਗਤ

*** ਹਰਕੀਰਤ ਸਿੰਘ ਦੀ ਅਗਵਾਈ ਹੇਠ ਪਹੁੰਚੇ ਹਨ ਜਹਾਜ਼**



ਅੰਬਾਲਾ, 29 ਜੁਲਾਈ, (ਪੋਸਟ ਬਿਊਰੋ)- ਲੰਮੀ ਉਡੀਕ ਤੋਂ ਬਾਅਦ ਅੱਜ ਫਰਾਂਸ ਤੋਂ 5 ਰਾਫੇਲ ਲੜਾਕੂ ਜਹਾਜ਼ ਭਾਰਤ ਪਹੁੰਚ ਗਏ ਤੇ ਇਨ੍ਹਾਂ ਨੇ ਅੰਬਾਲਾ ਏਅਰਬੇਸ ਉੱਤੇ ਲੈਂਡਿੰਗ ਕੀਤੀ ਹੈ। ਅੰਬਾਲਾ ਵਿਚ ਜਹਾਜ਼ਾਂ ਨੂੰ ਵਾਟਰ ਸੈਲਿਊਟ ਦਿੱਤਾ ਗਿਆ ਹੈ। ਫਰਾਂਸ ਤੋਂ ਮਿਲਣ ਵਾਲੇ ਕੁੱਲ 36 ਰਾਫੇਲ ਲੜਾਕੂ ਜਹਾਜ਼ਾਂ ਦੀ ਡਿਲਿਵਰੀਦੀ ਪਹਿਲੀ ਖੇਪ ਵਜੋਂ ਭਾਰਤ ਅਜੇ ਇਹ 5 ਲੜਾਕੂ ਜਹਾਜ਼ ਮਿਲੇ ਹਨ। ਇਨ੍ਹਾਂ 5 ਰਾਫੇਲ ਲੜਾਕੂ ਜਹਾਜ਼ਾਂ ਨਾਲ 2 ਸੁਖੋਈ ਐੱਸ ਯੂ-30ਐੱਮ ਕੇ ਐੱਲ ਉਨ੍ਹਾਂ ਦੀ ਸੁਰੱਖਿਆ ਲਈ ਨਾਲ ਪੁੱਜੇ ਸਨ। ਨਵੇਂ ਜਹਾਜ਼ਾਂ ਦਾ ਅੱਜ ਏਥੇ ਭਰਵਾਂ ਸਵਾਗਤ ਕੀਤਾ ਗਿਆ ਅਤੇ ਇਨ੍ਹਾਂ ਨੂੰ ਵਾਟਰ ਸੈਲਿਊਟ ਦੇਣ ਲਈ ਪਾਣੀਆਂ ਦੀ ਫੁਹਾਰਾਂ ਉਨ੍ਹਾਂ ਦੀ ਲੈਂਡਿੰਗ ਦੇ ਵਕਤ ਛੱਡੀਆਂ ਗਈਆਂ। ਇਨ੍ਹਾਂ ਜਹਾਜ਼ਾਂ ਦੀ ਆਮਦ ਦੇ ਸਕੁਆਡ ਦੀ ਅਗਵਾਈ ਹਰਕੀਰਤ ਸਿੰਘ ਕੋਲ ਸੀ ਅਤੇ ਸਭ ਤੋਂ ਪਹਿਲੀ ਲੈਂਡਿੰਗ ਉਨ੍ਹਾਂ ਨੇ ਹੀ ਕੀਤੀ। ਹਰਕੀਰਤ ਸਿੰਘ ਏਅਰ ਫੋਰਸ ਦੀ ਵਧੀਆ ਸੇਵਾ ਲਈ ਸ਼ੌਰੀਆ ਚੱਕਰ ਐਵਾਰਡ ਨਾਲ ਸਨਮਾਨਤ ਅਧਿਕਾਰੀ ਹਨ।

ਵਰਨਣ ਯੋਗ ਹੈ ਕਿ ਰਾਫੇਲ ਲੜਾਕੂ ਜਹਾਜ਼ ਬੀਤੇ ਸੋਮਵਾਰ ਫਰਾਂਸ ਤੋਂ ਉੱਡਣ ਪਿੱਛੋਂ ਯੂ ਏ ਈ ਵਿੱਚ ਰੁਕੇ ਸਨ ਅਤੇ ਅੱਜ ਭਾਰਤ ਪੁੱਜੇ ਹਨ। ਅੰਬਾਲਾ ਏਅਰਬੇਸ ਉੱਤੇ ਇਨ੍ਹਾਂ ਦੇ ਸਵਾਗਤ ਲਈ ਏਅਰ ਚੀਫ਼ ਮਾਰਸ਼ਲ ਆਰ ਕੇ ਐੱਸ ਭਦੌਰੀਆ ਵੀਮੌਜੂਦੇ ਸਨ ਅਤੇਸਾਬਕਾ ਏਅਰ ਚੀਫ਼ ਮਾਰਸ਼ਲ ਬੀ ਐੱਸ ਧਨੋਆ ਵੀ ਮੌਜੂਦਸਨ। ਅੰਬਾਲਾ ਏਅਰਬੇਸ ਦੇ ਆਲੇ-ਦੁਆਲੇ ਸੁਰੱਖਿਆ ਸਖ਼ਤ ਪ੍ਰਬੰਧ ਹੇਠ ਲੋਕਾਂ ਨੂੰ ਵੀਡੀਓਗ੍ਰਾਫ਼ੀ ਅਤੇ ਫੋਟੋ ਖਿੱਚਣ ਦੀ ਰੋਕ ਲਾ ਦਿੱਤੀ ਗਈ ਸੀ।

ਭਾਰਤ ਸਰਕਾਰ ਨੇ ਸਤੰਬਰ 2016 ਵਿੱਚ ਹਵਾਈ ਫ਼ੌਜ ਲਈ 36 ਰਾਫੇਲ ਜਹਾਜ਼ ਖਰੀਦਣ ਦਾ ਫਰਾਂਸ ਨਾਲ 59 ਹਜ਼ਾਰ ਕਰੋੜ ਰੁਪਏ ਦਾ ਸੌਦਾ ਕੀਤਾ ਸੀ। ਪੈਰਿਸ ਵਿੱਚ ਭਾਰਤੀ ਦੂਤਘਰ ਨੇ ਅੱਜ ਇਕ ਬਿਆਨ ਵਿੱਚ ਕਿਹਾ ਹੈ ਕਿ 10 ਜਹਾਜ਼ਾਂ ਦੀ ਸਪਲਾਈ ਸਮੇਂ ਉੱਤੇ ਪੂਰੀ ਹੋ ਗਈ ਹੈ ਤੇ ਇਨ੍ਹਾਂ ਵਿੱਚੋਂ 5 ਜਹਾਜ਼ ਟਰੇਨਿੰਗ ਮਿਸ਼ਨ ਲਈ ਅਜੇ ਫਰਾਂਸ ਵਿਚ ਰੁਕਣਗੇ। ਸਾਰੇ 36 ਜਹਾਜ਼ਾਂ ਦੀ ਸਪਲਾਈ 2021 ਦੇ ਅਖ਼ੀਰ ਤੱਕ ਪੂਰੀ ਹੋਣੀ ਹੈ।

ਰਾਫੇਲ ਲੜਾਕੂ ਜਹਾਜ਼ ਦੇ ਕੁਝ ਗੁਣਾਂ ਵਿੱਚੋਂ ਪਹਿਲੀ ਇਸ ਦੀ ਟਾਪ ਸਪੀਡ-2,130 ਕਿਲੋਮੀਟਰ ਪ੍ਰਤੀ ਘੰਟਾ ਤੇ ਰੇਂਜ 3,700 ਕਿਲੋਮੀਟਰ ਹੋਣਾ ਹੈ। ਇਸ ਜਹਾਜ਼ ਦਾ ਵਜ਼ਨ 24,500 ਕਿਲੋ, ਉਚਾਈ 5.30 ਮੀਟਰ, ਲੰਬਾਈ 15.30 ਮੀਟਰ ਹੈ। ਕਈ ਮਾਹਰ ਇਸ ਜਹਾਜ਼ ਨੂੰ ਚੀਨ ਦੇ ਜੇ-20 ਦੀ ਟੱਕਰ ਦਾ ਮੰਨਦੇ ਹਨ। ਸਟੀਲਥ ਕੈਟਗਰੀ ਦੇ ਇਸ ਚੀਨੀ ਲੜਾਕੂ ਜਹਾਜ਼ ਬਾਰੇ ਅਜੇ ਦੁਨੀਆ ਨੂੰ ਓਨੀ ਜਾਣਕਾਰੀ ਨਹੀਂ, ਜਿੰਨੀ ਰਾਫੇਲ ਬਾਰੇ ਹੈ। ਰਾਫੇਲ ਵਿੱਚ ਰਾਡਾਰ ਤੋਂ ਬਚਣ ਦੀ ਸਮਰੱਥਾ ਅਤੇ ਦੂਰ ਤੋਂ ਦੁਸ਼ਮਣਾਂ ਉੱਤੇ ਬਾਜ ਅੱਖ ਰੱਖ ਕੇ ਹਮਲਾ ਕਰਨ ਦੀ ਮਹਾਰਤ ਵੀ ਹੈ।

# ਲਾਪਤਾ ਮਹਿਲਾ ਜ਼ਖ਼ਮੀ ਹਾਲਤ ਵਿੱਚ ਮਿਲੀ




ਵ੍ਹਿਟਬੀ, 29 ਜੁਲਾਈ (ਪੋਸਟ ਬਿਊਰੋ) : ਮੰਗਲਵਾਰ ਰਾਤ ਨੂੰ ਵ੍ਹਿਟਬੀ ਤੋਂ ਲਾਪਤਾ ਮਹਿਲਾ ਅੱਜ ਸਵੇਰੇ ਜ਼ਖ਼ਮੀ ਹਾਲਤ ਵਿੱਚ ਮਿਲ ਗਈ। ਉਸ ਦੀ ਹਾਲਤ ਨਾਜ਼ੁਕ ਸੀ ਤੇ ਉਸ ਉੱਤੇ ਹਮਲਾ ਹੋਇਆ ਸੀ।

ਇਹ ਮਹਿਲਾ ਸਵੇਰੇ 10:00 ਵਜੇ ਟੌਂਟਲ ਰੋਡ ਈਸਟ ਤੇ ਐਂਡਰਸਨ ਸਟਰੀਟ ਇਲਾਕੇ ਵਿੱਚੋਂ ਇੱਕ ਨਾਲੇ ਕੋਲੋਂ ਮਿਲੀ। ਪਿਛਲੀ ਰਾਤ ਇਸ ਇਲਾਕੇ ਵਿੱਚ ਸੈਰ ਲਈ ਗਈ ਇਸ 50 ਸਾਲਾ ਮਹਿਲਾ ਨੂੰ ਮੰਗਲਵਾਰ ਰਾਤ ਤੋਂ ਹੀ ਲਾਪਤਾ ਦੱਸਿਆ ਜਾ ਰਿਹਾ ਸੀ। ਪੁਲਿਸ ਨੇ ਕੇ-9 ਟੀਮ ਦੀ ਮਦਦ ਨਾਲ ਰਾਤ ਭਰ ਉਸ ਦੀ ਭਾਲ ਕੀਤੀ ਤੇ ਉਹ ਉਨ੍ਹਾਂ ਨੂੰ ਜ਼ਖ਼ਮੀ ਹਾਲਤ ਵਿੱਚ ਇਥੇ ਮਿਲ ਗਈ।

ਇਹ ਵੀ ਮੰਨਿਆ ਜਾ ਰਿਹਾ ਹੈ ਕਿ ਉਸ ਉੱਤੇ ਹਮਲਾ ਹੋਇਆ। ਇਲਾਜ ਲਈ ਇਸ ਮਹਿਲਾ ਨੂੰ ਹਵਾਈ ਐਂਬੂਲੈਂਸ ਰਾਹੀਂ ਟੋਰਾਂਟੋ ਦੇ ਟਰੌਮਾ ਸੈਂਟਰ ਲਿਜਾਇਆ ਗਿਆ। ਹਮਲੇ ਬਾਰੇ ਹੋਰ ਤਫਸੀਲ ਨਾਲ ਜਾਨਣ ਲਈ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਅਜੇ ਤੱਕ ਕਿਸੇ ਮਸ਼ਕੂਕ ਬਾਰੇ ਕੋਈ ਜਾਣਕਾਰੀ ਜਾਰੀ ਨਹੀਂ ਕੀਤੀ ਗਈ ਹੈ।


Best Insurance Rates
-Auto -Home -Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Bath
Address: 1550 South Gateway Rd. Suite 220 Mississauga, ON L4W 5G6

NOW HIRING !!!
ALLKIND INSURANCE
•Life Insurance •Super Visa Insurance
•Critical illness Ins •Mortgage Insurance
•Travel & Visitor Ins •Disability Insurance
•RESP & TFSA & RRSP •Funeral Insurance
SIMRAN SAINI 416.994.7272
www.allkindinsurance.com

INSURANCE
oHome oAuto
oBusiness oTrucking
oLife Insurance oCommercial
647-206-2452 Sukhwinder K Singh
7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat Broker
Aaxel InsuranceBrokers Ltd. 1332 Khalsa Dr, Unit # 11, Mississauga, ON L5S 0A2

HELPING YOU PLAN TODAY...FOR TOMORROW
• Supervisa / Visitor Insurance
• Life /Mortgage/Funeral Insurance
• Disability Insurance
• Critical Illness Insurance
• RESP /RRSP
www.ufsinsurance.com
JATINDERBIR S BAJWA Insurance Broker
Dir:647-928-4990
# 25-831 Bovaird Dr. W. Brampton, ON L6X0T9 | www.ufsinsurance.com

GOEL TRAVEL
Low Rates Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ ਇੱਕ ਵਾਰੀ ਕਾਲ ਜ਼ਰੂਰ ਕਰੋ
ਗੋਇਲ ਟਰੈਵਲ
905.796.0000
900 Raylawson Blvd. Unit # 6, Brampton

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
ਕਰਜ਼ੇ ਦੀ ਸਿਰਦਰਦੀ ?
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

You can Place Your Business Here To Reach Wider Audience (905)793-2202

Law Office of Aman Sharma
-Real Estate -Commercial Lease
-Business Purchase & Sale
-Notarizations & Affidavits
-Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6 Brampton, ON, L6P 3W4
Aman Sharma Open Saturday
Providing excellent quality legal services to our clients

Mortgage! We Will Beat Any Rate !!!
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre | Avon Financial Inc.
Cell: 416-841-4218 Tel: 905-216-5563
Harpreet Singh Goraya
831 Bovaird Dr. West, Unit 25, Brampton, ON L6X 0T9 Fax : 905-216-0392

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

ਨਵਾਂ ਘਾਹ ਲਵਾਉ 647-784-1213 www.aaalandscaping.ca
1 ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2 ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3 ਨਵਾਂ ਘਾਹ ਲਵਾਉ
4 ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾਂ ਦਾ ਲਾਭ ਉਠਾਓ
• Custom Kitchen Cabinets • Completly Furnished
• Legal Basement • Painting & Flooring
ਵਾਜਿਬ ਕੀਮਤ ਤੇ ਸਮੇਂ ਸਿਰ ਕੰਮ
Jaswant Sehmbi: 647.524.0885

KELLEY LAW OFFICE
Immigration / Real Estate
Family Law / Business Closing
Corporate / Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
1200 Derry Road E. #15, Mississauga, ON L5T 0B3
Shinder Kelley 905-362-0755

PEST PROBLEM ? Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
Residential, Commercial
www.ksgpestcontrol.ca
ksgpestcontrol@gmail.com
Amarjeet Singh Gill Certified & Licenced Exterminator

MANN LAW FIRM
• Real Estate Law • Business Law
• Wills & Estates • Family Law
• Power of Attorney • Civil Litigation
• Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333 www.mannlawfirm.ca

Royal Pest Control
Residential Commercial Industrial
Specialist in Bedbugs Service
All Pest Control :
•Mouse & Rats •Spiders & Fleas •Bedbugs •Wasps
•Cockroaches •Carpenter Ants •Silver Fish •Racoons
Call : PARESH PATEL
416 938 4598


NOW
HIRING
U.S. CROSS BORDER
SINGLES & TEAMS
AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


Data everywhere.
No surprise charges
anywhere.
NEW
NATION-WIDE. NO ZONES.
TALK, TEXT & DATA PLANS
$35/MO.
chatr
AUTHORIZED DEALER
379 Main St. North, Brampton, ON
905-451-0379
2456 Lake shore Blvd W., Etobicoke, ON
Taxes extra. Offer subject to change without notice. Get up to 1GB of data on the Talk, Text and Data Plan. Once you reach your 3G speed data allotment, your data speed will be reduced until your next anniversary date. ™ Trademarks used under license ©2019

# ਕਰੋਨਾਵਾਇਰਸ ਸਬੰਧੀ ਮਾਪਦੰਡਾਂ ਨੂੰ ਜਾਰੀ ਰੱਖਣ ਲਈ ਨਵੇਂ ਬਾਇਲਾਅਜ਼ ਕਾਇਮ ਕਰਨ ਦੀਆਂ ਸਿਫਾਰਿਸ਼ਾਂ

ਟੋਰਾਂਟੋ, 29 ਜੁਲਾਈ (ਪੋਸਟ ਬਿਊਰੋ) : ਕੋਵਿਡ-19 ਦੇ ਪਸਾਰ ਨੂੰ ਰੋਕਣ ਲਈ ਕੱਲ੍ਹ ਟੋਰਾਂਟੋ ਸਿਟੀ ਕਾਉਂਲ ਸਾਹਮਣੇ ਕਈ ਬਾਇਲਾਅਜ਼ ਪੇਸ਼ ਕੀਤੇ ਗਏ।

ਓਨਟਾਰੀਓ ਸਰਕਾਰ ਵੱਲੋਂ ਅਜੇ ਟੋਰਾਂਟੋ ਦੇ ਤੀਜੇ ਪੜਾਅ ਵਿੱਚ ਦਾਖਲ ਹੋਣ ਦਾ ਐਲਾਨ ਕੀਤਾ ਜਾਣਾ ਹੈ, ਜਿਸ ਵਿੱਚ ਇੰਡੋਰ ਡਾਈਨਿੰਗ ਤੇ ਜਿੰਮ ਮੁੜ ਖੋਲ੍ਹੇ ਜਾਣ ਦੀ ਖੁੱਲ੍ਹ ਦਿੱਤੀ ਜਾਵੇਗੀ। ਪ੍ਰੋਵਿੰਸ ਵੱਲੋਂ ਅੱਜ ਤੀਜੇ ਪੜਾਅ ਸਬੰਧੀ ਐਲਾਨ ਕੀਤੇ ਜਾਣ ਦੀ ਸੰਭਾਵਨਾ ਹੈ। ਕੱਲ੍ਹ ਟੋਰਾਂਟੋ ਵਿੱਚ ਕੋਵਿਡ-19 ਦੇ ਸਿਰਫ ਛੇ ਮਾਮਲੇ ਹੀ ਸਾਹਮਣੇ ਆਏ।

ਕੁੱਝ ਬਾਇਲਾਅਜ਼, ਜਿਨ੍ਹਾਂ ਬਾਰੇ ਫੈਸਲਾ ਕੀਤਾ ਜਾਣਾ ਹੈ, ਵਿੱਚ ਬਾਰਜ਼ ਤੇ ਰੈਸਟੋਰੈਂਟਸ ਵਿੱਚ ਜਾਣ ਵਾਲੇ



ਡਾਇਨਰਜ਼ ਦਾ ਇੰਡੋਰ ਰਹਿੰਦੇ ਸਮੇਂ ਆਪਣੀ ਸੀਟ ਉੱਤੇ ਬੈਠੇ ਰਹਿਣਾ ਸ਼ਾਮਲ ਹੈ। ਉਨ੍ਹਾਂ ਨੂੰ ਉਸ ਸੂਰਤ ਵਿੱਚ ਹੀ ਉੱਠਣ ਦੀ ਖੁੱਲ੍ਹ ਦੇਣ ਬਾਰੇ ਵਿਚਾਰ ਕੀਤਾ ਜਾ ਰਿਹਾ ਹੈ ਜਦੋਂ ਉਨ੍ਹਾਂ ਆਪਣਾ ਬਿੱਲ ਅਦਾ ਕਰਨਾ ਹੋਵੇ ਤੇ ਜਾਂ ਫਿਰ ਵਾਸ਼ਰੂਮ ਦੀ ਵਰਤੋਂ ਕਰਨੀ ਹੋਵੇ।

ਰੈਸਟੋਰੈਂਟਸ ਨੂੰ ਪਾਰਟੀ ਵਿੱਚ ਸ਼ਾਮਲ ਹੋਣ ਵਾਲੇ ਸਬੰਧਤ ਵਿਅਕਤੀਆਂ ਵਿੱਚੋਂ ਕਿਸੇ ਇੱਕ ਦੀ ਨਿਜੀ ਜਾਣਕਾਰੀ ਹਾਸਲ ਕਰਨ ਤੇ ਉਸ ਨੂੰ 30 ਦਿਨ ਤੱਕ ਸਾਂਭ ਕੇ ਰੱਖਣ ਲਈ ਵੀ ਆਖਿਆ ਜਾਵੇਗਾ ਤਾਂ ਕਿ ਲੋੜ ਪੈਣ ਉੱਤੇ ਕਾਂਟੈਕਟ ਟਰੇਸਿੰਗ ਕੀਤੀ ਜਾ ਸਕੇ। ਇਸ ਦੇ ਨਾਲ ਹੀ ਸਟਾਫ ਦੀ ਸਕਰੀਨਿੰਗ ਸਬੰਧੀ ਪ੍ਰੋਟੋਕਾਲ ਨੂੰ ਵੀ ਯਕੀਨੀ ਬਣਾਇਆ ਜਾ ਸਕੇ।

ਇੱਕ ਹੋਰ ਬਾਇਲਾਅ ਕੌਂਡੋਜ਼ ਦੀਆਂ ਸਾਂਝੀਆਂ ਥਾਂਵਾਂ ਤੇ ਅਪਾਰਟਮੈਂਟ ਬਿਲਡਿੰਗਜ਼ ਵਿੱਚ ਮੂੰਹ ਢੱਕ ਕੇ ਰੱਖਣ ਤੇ ਮਾਸਕ ਪਾਉਣੇ ਯਕੀਨੀ ਬਣਾਉਣ ਦਾ ਵੀ ਪ੍ਰਬੰਧ ਕੀਤਾ ਜਾਵੇਗਾ। ਮੇਅਰ ਟੋਰੀ ਨੇ ਪਿਛਲੇ ਹਫਤੇ ਵੀ ਇਸ ਬਾਇਲਾਅ ਬਾਰੇ ਜਾਣਕਾਰੀ ਦਿੱਤੀ ਸੀ। ਉਨ੍ਹਾਂ ਸਿਫਾਰਿਸ਼ ਕੀਤੀ ਸੀ ਕਿ ਬਿਲਡਿੰਗਾਂ ਰੈਜ਼ੀਡੈਂਟਸ, ਮਹਿਮਾਨਾ, ਪ੍ਰੋਪਰਟੀ ਮੈਨੇਜਮੈਂਟ ਤੇ ਮੇਨਟੇਨੈਂਸ ਵਰਕਰਜ਼ ਲਈ ਫੇਸ ਮਾਸਕ ਪਾਲਿਸੀ ਅਪਨਾਉਣ।

ਸਿਟੀ ਵੱਲੋਂ ਬੀਚ, ਪਾਰਕਾਂ ਤੇ ਜਨਤਕ ਥਾਂਵਾਂ ਉੱਤੇ ਵੀ ਸੋਸ਼ਲ ਡਿਸਟੈਂਸਿੰਗ ਬਰਕਰਾਰ ਰੱਖਣ ਦੀ ਸਿਫਾਰਿਸ਼ ਕੀਤੀ ਜਾ ਰਹੀ ਹੈ। ਇਸ ਬਾਇਲਾਅ ਤਹਿਤ ਦੋ ਵਿਅਕਤੀ, ਜਿਹੜੇ ਇੱਕਠੇ ਨਹੀਂ ਰਹਿੰਦੇ ਤੇ ਜਿਹੜੇ ਦੋ ਮੀਟਰ ਦਾ ਫਾਸਲਾ ਰੱਖਣ ਵਿੱਚ ਅਸਫਲ ਰਹਿੰਦੇ ਹਨ, ਨੂੰ 1000 ਡਾਲਰ ਤੱਕ ਦਾ ਜੁਰਮਾਨਾ ਕਰਨ ਦੀ ਸਿਫਾਰਿਸ਼ ਕੀਤੀ ਗਈ ਹੈ।

ਇਹ ਸਾਰੀਆਂ ਸਿਫਾਰਸ਼ਾਂ ਟੋਰਾਂਟੋ ਦੇ ਮੈਡੀਕਲ ਆਫੀਸਰ ਆਫ ਹੈਲਥ ਵੱਲੋਂ ਕੀਤੀਆਂ ਗਈਆਂ ਹਨ।

# ਸਟੂਡੈਂਟ ਪ੍ਰੋਗਰਾਮ ਚਲਾਉਣ ਲਈ ਓਟਵਾ ਨੇ ਵੂਈ ਚੈਰਿਟੀ ਨੂੰ ਦਿੱਤੇ ਸਨ 30 ਮਿਲੀਅਨ ਡਾਲਰ!

ਓਟਵਾ, 29 ਜੁਲਾਈ (ਪੋਸਟ ਬਿਊਰੋ) : ਵੂਈ ਚੈਰਿਟੀ ਨਾਲ ਓਟਵਾ ਵੱਲੋਂ ਕੀਤੀ ਗਈ ਡੀਲ ਮੁਤਾਬਕ ਇਸ ਗਰੁੱਪ ਨੇ ਨਾ ਸਿਰਫ ਕੈਨੇਡਾ ਸਟੂਡੈਂਟ ਸਰਵਿਸ ਗ੍ਰਾਂਟ ਪ੍ਰੋਗਰਾਮ ਨੇਪਰੇ ਚੜ੍ਹਾਉਣਾ ਸੀ ਸਗੋਂ ਇਹ ਕਾਂਟਰੈਕਟ ਰੱਦ ਹੋਣ ਤੋਂ ਪਹਿਲਾਂ 43.5 ਮਿਲੀਅਨ ਡਾਲਰ ਵਿੱਚੋਂ 30 ਮਿਲੀਅਨ ਡਾਲਰ ਇਸ ਚੈਰਿਟੀ ਦੀ ਝੋਲੀ ਵੀ ਪੈਣੇ ਸਨ।

ਇਸ ਸਬੰਧੀ ਫੈਡਰਲ ਸਰਕਾਰ ਤੇ ਵੂਈ ਚੈਰਿਟੀ ਦਰਮਿਆਨ ਹੋਏ ਕਾਂਟਰੈਕਟ ਵਿੱਚ ਇਹ ਸਾਫ ਨਜ਼ਰ ਆਉਂਦਾ ਹੈ ਕਿ 22 ਮਈ ਨੂੰ ਕੈਬਨਿਟ ਵੱਲੋਂ ਇਸ ਕਾਂਟਰੈਕਟ ਨੂੰ ਮਨਜ਼ੂਰੀ ਦਿੱਤੀ ਗਈ। ਪਰ ਚੈਰਿਟੀ ਵੱਲੋਂ ਇਸ ਉੱਤੇ ਕਈ ਹਫਤੇ ਪਹਿਲਾਂ ਹੀ ਕੰਮ ਸ਼ੁਰੂ ਕਰ ਦਿੱਤਾ ਗਿਆ ਸੀ। ਹਾਊਸ ਆਫ ਕਾਮਨਜ਼ ਦੀ ਫਾਇਨਾਂਸ ਕਮੇਟੀ ਵੱਲੋਂ ਇਸ ਡੀਲ ਦਾ



ਵੇਰਵਾ ਸੋਮਵਾਰ ਨੂੰ ਜਾਰੀ ਕੀਤਾ ਗਿਆ।

25 ਜੂਨ ਨੂੰ ਸਰਕਾਰ ਨੇ ਇਸ ਡੀਲ ਦੇ ਸਿਰੇ ਚੜ੍ਹਨ ਬਾਰੇ ਐਲਾਨ ਕੀਤਾ ਸੀ ਪਰ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਖਿਲਾਫ ਕੌਨਫਲਿਕਟ ਆਫ ਇੰਟਰਸਟ ਦੇ ਦੋਸ਼ ਲੱਗਣ ਉਪਰੰਤ 3 ਜੁਲਾਈ ਨੂੰ ਇਹ ਡੀਲ ਰੱਦ ਕਰ ਦਿੱਤੀ ਗਈ। ਚੈਰਿਟੀ ਨੇ ਦੱਸਿਆ ਕਿ 30 ਜੂਨ ਨੂੰ ਉਨ੍ਹਾਂ ਨੂੰ 30 ਮਿਲੀਅਨ ਡਾਲਰ ਹਾਸਲ ਹੋਏ ਸਨ ਤੇ ਉਹ ਜਲਦ ਹੀ ਸਾਰੇ ਪੈਸੇ ਮੋੜ ਦੇਵੇਗੀ।

ਵੂਈ ਚੈਰਿਟੀ ਨੇ ਆਖਿਆ ਕਿ ਚੈਰਿਟੀ ਨੂੰ ਹਾਸਲ ਹੋਈ ਰਕਮ ਪ੍ਰੋਗਰਾਮ ਸ਼ੁਰੂ ਕਰਨ ਲਈ ਦਿੱਤੀ ਗਈ ਸੀ ਤੇ ਕਾਂਟਰੈਕਟ ਦੇ ਹਿਸਾਬ ਨਾਲ ਇਸ ਦੀ ਵਰਤੋਂ ਯੋਗ ਖਰਚਿਆਂ ਉੱਤੇ ਹੀ ਕੀਤੀ ਜਾ ਸਕਦੀ ਸੀ।

ਹਾਊਸ ਦੀ ਫਾਇਨਾਂਸ ਕਮੇਟੀ ਸਰਕਾਰ ਦੇ ਇਸ ਫੈਸਲੇ ਦਾ ਅਧਿਐਨ ਕਰ ਰਹੀ ਹੈ। ਫਾਇਨਾਂਸ ਕਮੇਟੀ ਵੱਲੋਂ ਇਸ ਗੱਲ ਦੀ ਵੀ ਪੁਸ਼ਟੀ ਕੀਤੀ ਗਈ ਹੈ ਕਿ ਪ੍ਰਧਾਨ ਮੰਤਰੀ ਟਰੂਡੋ ਤੇ ਉਨ੍ਹਾਂ ਦੇ ਚੀਫ ਆਫ ਸਟਾਫ ਕੇਟੀ ਟੈਲਫੋਰਡ ਵੀਰਵਾਰ ਦੁਪਹਿਰ ਨੂੰ ਕਮੇਟੀ ਸਾਹ-ਮਣੇ ਪੇਸ਼ ਹੋ ਕੇ ਆਪਣਾ ਪੱਖ ਰੱਖਣਗੇ।

# ਟੋਰਾਂਟੋ ਤੇ ਪੀਲ ਰੀਜਨ ਸ਼ੁੱਕਰਵਾਰ ਨੂੰ ਤੀਜੇ ਪੜਾਅ ਵਿੱਚ ਹੋਣਗੇ ਦਾਖਲ

ਟੋਰਾਂਟੋ, 29 ਜੁਲਾਈ (ਪੋਸਟ ਬਿਊਰੋ) : ਓਨਟਾਰੀਓ ਦੇ ਰੀਓਪਨਿੰਗ ਪਲੈਨ ਤਹਿਤ ਟੋਰਾਂਟੋ ਤੇ ਪੀਲ ਰੀਜਨ ਸ਼ੁੱਕਰਵਾਰ ਨੂੰ ਤੀਜੇ ਪੜਾਅ ਵਿੱਚ ਦਾਖਲ ਹੋਣਗੇ।

ਇਸ ਸਬੰਧ ਵਿੱਚ ਪ੍ਰੋਵਿੰਸ਼ੀਅਲ ਸਰਕਾਰ ਵੱਲੋਂ ਬੁੱਧਵਾਰ ਸਵੇਰੇ ਐਲਾਨ ਕੀਤਾ ਗਿਆ। ਓਨਟਾਰੀਓ ਸਰਕਾਰ ਵੱਲੋਂ ਜਾਰੀ ਕੀਤੀ ਗਈ ਨਿਊਜ਼ ਰਲੀਜ਼ ਅਨੁਸਾਰ ਇਹ ਫੈਸਲਾ ਚੀਫ ਮੈਡੀਕਲ ਆਫੀਸਰ ਆਫ ਹੈਲਥ ਤੇ ਲੋਕਲ ਮੈਡੀਕਲ ਅਧਿਕਾਰੀਆਂ ਨਾਲ ਸਲਾਹ ਮਸ਼ਵਰੇ ਤੋਂ ਬਾਅਦ ਲਿਆ ਗਿਆ। ਇਹ ਸਕਾਰ-ਾਤਮਕ ਲੋਕਲ ਰੁਝਾਨਾਂ ਦੇ ਨਾਲ ਨਾਲ ਅਹਿਮ ਜਨਤਕ ਹੈਲਥ ਸੰਕੇਤਾਂ, ਕੋਵਿਡ-19 ਦੇ ਮਾਮਲਿਆਂ ਵਿੱਚ ਆਈ ਕਮੀ, ਤੇਜ਼ੀ ਨਾਲ ਕੀਤੇ ਗਏ ਟੈਸਟ ਤੇ ਕਾਂਟੈਕਟ ਮੈਨੇਜਮੈਂਟ ਦਾ ਹੀ ਨਤੀਜਾ ਹੈ।

ਇਹ ਦੋਵੇਂ ਏਰੀਆਜ਼ ਸ਼ੁੱਕਰਵਾਰ ਰਾਤੀ 12:01 ਵਜੇ ਤੀਜੇ ਪੜਾਅ ਵਿੱਚ ਦਾਖਲ ਹੋਣਗੇ। ਵਿੰਡਸਰ-ਐਸੈਕਸ ਹੀ ਸਿਰਫ ਅਜਿਹਾ ਰੀਜਨ ਹੈ ਜਿਹੜਾ ਹਾਲ ਦੀ ਘੜੀ ਦੂਜੇ ਪੜਾਅ ਵਿੱਚ ਰਹੇਗਾ। ਸਰਕਾਰ ਨੇ ਆਖਿਆ ਕਿ ਵਿੰਡਸਰ ਐਸੈਕਸ ਕਾਊਂਟੀ ਹੈਲਥ ਯੂਨਿਟ ਰੀਜਨ ਦੇ ਜਨਤਕ ਹੈਲਥ ਰੁਝਾਨਾਂ ਦਾ ਓਨਟਾਰੀਓ ਧਿਆਨ ਰੱਖੇਗਾ ਤੇ ਜਦੋਂ ਸਰਕਾਰ ਨੂੰ ਸੇਫ ਲੱਗੇਗਾ ਇਸ ਇਲਾਕੇ ਨੂੰ ਵੀ ਅਗਲੇ ਪੜਾਅ ਵਿੱਚ ਦਾਖਲ ਕਰਵਾਇਆ ਜਾਵੇਗਾ।

ਤੀਜੇ ਪੜਾਅ ਵਿੱਚ ਬਾਰਜ਼ ਤੇ ਰੈਸਟੋਰੈਂਟਸ ਵਿੱਚ ਇੰਡੋਰ ਡਾਇਨਿੰਗ ਸ਼ੁਰੂ ਕੀਤੀ ਜਾ ਸਕਦੀ ਹੈ ਤੇ ਇੰਡੋਰ ਇੱਕਠ ਵੀ 50 ਵਿਅਕਤੀਆਂ ਤੱਕ ਵਧਾਇਆ ਜਾ ਸਕਦਾ ਹੈ ਤੇ ਆਊਟਡੋਰ ਇੱਕਠ 100 ਵਿਅਕਤੀਆਂ ਤੱਕ ਕੀਤਾ ਜਾ ਸਕਦਾ ਹੈ। ਪਰ ਇਸ ਸੱਭ ਦੇ ਬਾਵਜੂਦ ਫਿਜ਼ੀਕਲ ਡਿਸਟੈਂਸਿੰਗ ਦਾ ਧਿਆਨ ਰੱਖਣਾ ਹੋਵੇਗਾ। ਟੋਰਾਂਟੋ ਦੇ ਮੇਅਰ ਜੌਹਨ ਟੋਰੀ ਨੇ ਆਖਿਆ ਕਿ ਤੀਜੇ ਪੜਾਅ ਵਿੱਚ ਦਾਖਲ ਹੋਣ ਪਿੱਛੇ ਟੋਰਾਂਟੋ ਵਾਸੀਆਂ ਅਤੇ ਸਾਡੇ ਫਰੰਟਲਾਈਨ ਵਰਕਰਜ਼ ਦੀ ਸਖ਼ਤ ਮਿਹਨਤ ਸ਼ਾਮਲ ਹੈ।



ਇਸ ਦੌਰਾਨ ਐਮਿਊਜ਼ਮੈਂਟ ਪਾਰਕ, ਵਾਟਰ ਪਾਰਕ, ਬੁਫੇ ਸਟਾਈਲ ਫੂਡ ਸਰਵਿਸਿਜ਼, ਰੈਸਟੋਰੈਂਟਸ ਤੇ ਬਾਰਜ਼ ਵਿੱਚ ਨੱਚਣਾ, ਬੱਚਿਆਂ ਦਾ ਰਾਤ ਭਰ ਕੈਂਪਸ ਵਿੱਚ ਰਹਿਣਾ, ਪ੍ਰਾਈਵੇਟ ਕੈਰੀਓਕੇ ਰੂਮਜ਼, ਸਪੋਰਟਸ, ਸੌਨਾਅਜ਼, ਸਟੀਮ ਰੂਮਜ਼, ਬਾਥ ਹਾਊਸਿਜ਼ ਤੇ ਆਕਸੀਜ਼ਨ ਬਾਰਜ਼ ਵਿੱਚ ਦੇਰ ਤੱਕ ਰਹਿਣ ਉੱਤੇ ਅਜੇ ਵੀ ਪਾਬੰਦੀ ਹੋਵੇਗੀ। ਨਾਈਟਕਲੱਬਜ਼ ਨਹੀਂ ਖੁੱਲ੍ਹਣਗੇ, ਕੈਸੀਨੋਜ਼ ਖੋਲ੍ਹੇ ਜਾਣਗੇ ਪਰ ਟੇਬਲ ਗੇਮਜ਼ ਉੱਤੇ ਪਾਬੰਦੀ ਹੋਵੇਗੀ। ਜਿੰਮ ਤੇ ਫਿੱਟਨੈਸ ਸਟੂਡੀਓ ਖੁੱਲ੍ਹ ਸਕਦੇ ਹਨ ਪਰ ਉਨ੍ਹਾਂ ਨੂੰ ਵੀ ਸੇਫਟੀ ਪ੍ਰੋਟੋਕਾਲਜ਼ ਦਾ ਧਿਆਨ ਰੱਖਣਾ ਹੋਵੇਗਾ। ਪ੍ਰੀਮੀਅਰ ਫੋਰਡ ਵੱਲੋਂ ਅੱਜ ਐਲਾਨ ਕੀਤੇ ਜਾਣ ਦੀ ਸੰਭਾਵਨਾ ਹੈ।

# ਸਤੰਬਰ ਵਿੱਚ ਸਕੂਲਾਂ ਨੂੰ ਮੁੜ ਖੋਲ੍ਹਣ ਦੀ ਆਪਣੀ ਯੋਜਨਾ ਦਾ ਕੱਲ੍ਹ ਐਲਾਨ ਕਰਨਗੇ ਫੋਰਡ

ਟੋਰਾਂਟੋ, 29 ਜੁਲਾਈ (ਪੋਸਟ ਬਿਊਰੋ) : ਓਨਟਾਰੀਓ ਦੇ ਪ੍ਰੀਮੀਅਰ ਡੱਗ ਫੋਰਡ, ਸਿੱਖਿਆ ਮੰਤਰੀ ਸਟੀਫਨ ਲਿਚੇ ਨਾਲ ਰਲ ਕੇ ਕੱਲ੍ਹ ਇਹ ਐਲਾਨ ਕਰਨਗੇ ਕਿ ਸਤੰਬਰ ਵਿੱਚ ਸਕੂਲਾਂ ਨੂੰ ਕਿਸ ਤਰ੍ਹਾਂ ਖੋਲ੍ਹਿਆ ਜਾਵੇਗਾ।

ਬੁੱਧਵਾਰ ਨੂੰ ਫੋਰਡ ਨੇ ਆਖਿਆ ਕਿ ਸਤੰਬਰ ਵਿੱਚ ਦੋ ਮਿਲੀਅਨ ਵਿਦਿਆਰਥੀਆਂ ਦੀ ਸਕੂਲਾਂ ਵਿੱਚ ਵਾਪਸੀ ਨੂੰ ਲੈ ਕੇ ਉਹ ਚਿੰਤਤ ਹਨ। ਇਹ ਫੈਸਲਾ ਲੈਂਦਿਆਂ ਹੋਇਆਂ ਉਨ੍ਹਾਂ ਨੂੰ ਘਬਰਾਹਟ ਹੋ ਰਹੀ ਹੈ। ਪਰ ਫੋਰਡ ਨੇ ਆਖਿਆ ਕਿ ਉਨ੍ਹਾਂ ਮੈਡੀਕਲ ਮਾਹਿਰਾਂ ਤੋਂ ਰਾਇ ਲਈ ਹੈ ਕਿ ਇਸ ਨੂੰ ਸੁਰੱਖਿਅਤ ਢੰਗ ਨਾਲ ਕਿਸ ਤਰ੍ਹਾਂ ਨੇਪਰੇ ਚਾੜ੍ਹਿਆ ਜਾਵੇ।

ਫੋਰਡ ਨੇ ਆਖਿਆ ਕਿ ਜਦੋਂ ਮਾਮਲਾ ਬੱਚਿਆਂ ਦਾ ਹੋਵੇ ਤਾਂ ਹਰ ਕੋਈ ਨਰਵਸ ਹੋ ਹੀ ਜਾਂਦਾ ਹੈ। ਉਨ੍ਹਾਂ ਆਖਿਆ ਕਿ ਉਹ ਆਪ ਵੀ ਨਰਵਸ ਹਨ ਤੇ ਮਾਪੇ ਵੀ ਨਰਵਸ ਹਨ। ਉਨ੍ਹਾਂ ਆਖਿਆ ਕਿ ਚਿੰਤਾ ਦਾ ਵਿਸ਼ਾ ਇਹ ਹੈ ਕਿ ਦੋ ਮਿਲੀਅਨ ਬੱਚੇ ਤੇ 140,000 ਅਧਿਆਪਕ ਸਕੂਲਾਂ ਵਿੱਚ ਜਦੋਂ ਪਰਤਣਗੇ ਤਾਂ ਅਹਿਤਿਆਤ ਕਿਵੇਂ ਵਰਤੀ ਜਾਵੇਗੀ। ਇਸ ਤੋਂ ਵੀ ਵੱਧ ਚਿੰਤਾ ਵਾਲੀ ਗੱਲ ਇਹ ਹੈ ਕਿ ਜੇ ਇੱਕ ਵੀ ਬੱਚੇ ਨੂੰ ਕੋਵਿਡ ਹੋਇਆ ਤਾਂ ਇੱਕ ਬਚਾ ਆਪਣੇ ਘਰੇ ਉਸ ਨੂੰ ਆਪਣੇ ਮਾਪਿਆਂ ਤੇ ਗ੍ਰੈਂਡਪੇਰੈਂਟਸ ਤੱਕ ਫੈਲਾਅ ਦੇਵੇਗਾ।

ਫੋਰਡ ਵੱਲੋਂ ਇਹ ਟਿੱਪਣੀ ਸਕੂਲਾਂ ਨੂੰ ਸੁੱਰਖਿਅਤ ਢੰਗ ਨਾਲ ਖੋਲ੍ਹਣ ਬਾਰੇ ਦ ਹੌਸਪਿਟਲ ਫੌਰ ਸਿੱਕ ਚਿਲਡਰਨ ਵੱਲੋਂ ਜਾਰੀ ਕੀਤੀਆਂ ਗਈਆਂ ਸਿਫਾਰਸ਼ਾਂ ਤੋਂ ਕੁੱਝ ਸਮਾਂ ਬਾਅਦ ਆਈ। ਹਾਲਾਂਕਿ ਟੋਰਾਂਟੋ ਦੇ ਹਸਪਤਾਲਾਂ ਦੇ ਡਾਕਟਰ ਤੇ ਹੋਰ ਹੈਲਥ ਅਧਿਕਾਰੀ ਮਾਸਕ ਪਾ ਕੇ ਮੂੰਹ ਢਕਣ ਨੂੰ ਕੋਵਿਡ-19 ਦੇ ਪਸਾਰ ਨੂੰ ਰੋਕਣ ਵਿੱਚ ਅਹਿਮ ਮੰਨਦੇ ਹਨ ਪਰ ਉਹ ਨਿੱਕੇ ਬੱਚਿਆਂ ਲਈ ਇਸ ਦੀ ਸਿਫਾਰਸ਼ ਨਹੀਂ ਕਰਦੇ।

ਡਾਕਟਰਾਂ ਨੇ ਸਲਾਹ ਦਿੱਤੀ ਹੈ ਕਿ ਮਾਸਕ ਪਾਉਣ ਦੇ ਨਾਲ ਨਾਲ, ਬੱਚਿਆਂ ਦੀ ਰੋਜ਼ਾਨਾ ਸਕਰੀਨਿੰਗ, ਉਨ੍ਹਾਂ ਵਿੱਚ ਪਾਏ ਜਾਣ ਵਾਲੇ ਲੱਛਣਾਂ ਦੀ ਜਾਂਚ, ਫਿਜ਼ੀਕਲ ਡਿਸਟੈਂਸਿੰਗ ਆਦਿ ਵਰਗੇ ਕਦਮ ਵੀ ਅਪਣਾਏ ਜਾਣੇ ਚਾਹੀਦੇ ਹਨ।

# ਬਰੈਂਪਟਨ ਵਿੱਚ ਝਗੜੇ ਤੋਂ ਬਾਅਦ ਵਿਅਕਤੀ ਜ਼ਖ਼ਮੀ, ਮਹਿਲਾ ਗ੍ਰਿਫਤਾਰ



ਬਰੈਂਪਟਨ, 29 ਜੁਲਾਈ (ਪੋਸਟ ਬਿਊਰੋ) : ਬੁੱਧਵਾਰ ਸਵੇਰੇ ਬਰੈਂਪਟਨ ਵਿੱਚ ਕਈ ਲੋਕਾਂ ਵਿਚਾਲੇ ਹੋਏ ਝਗੜੇ ਤੋਂ ਬਾਅਦ ਜ਼ਖ਼ਮੀ ਹੋਣ ਕਾਰਨ ਇੱਕ ਵਿਅਕਤੀ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ।

ਛੁਰੇਬਾਜ਼ੀ ਦੀ ਘਟਨਾ ਦੀ ਜਾਣਕਾਰੀ ਦੇ ਕੇ ਸਵੇਰੇ 9:00 ਵਜੇ ਪੁਲਿਸ ਨੂੰ ਕਿੰਗਜ਼ ਕਰੌਸ ਰੋਡ ਤੇ ਕਲਾਰਕ ਬੋਲੀਵੀਆਰਡ ਉੱਤੇ ਸੱਦਿਆ ਗਿਆ। ਇਹ ਘਟਨਾ ਅਪਾਰਟਮੈਂਟ ਕਾਂਪਲੈਕਸ ਦੇ ਪਾਰਕਿੰਗ ਗੈਰਾਜ ਵਿੱਚ ਵਾਪਰੀ। ਇੱਕ ਵਿਅਕਤੀ ਨੂੰ ਗੰਭੀਰ ਹਾਲਤ ਵਿੱਚ ਛੁਰੇਬਾਜ਼ੀ ਕਾਰਨ ਜ਼ਖ਼ਮੀ ਹੋਣ ਕਰਕੇ ਹਸਪਤਾਲ ਲਿਜਾਇਆ ਗਿਆ।

ਇਸ ਸਬੰਧ ਵਿੱਚ ਇੱਕ ਮਹਿਲਾ ਨੂੰ ਹਿਰਾਸਤ ਵਿੱਚ ਲਿਆ ਗਿਆ ਹੈ ਤੇ ਪੁਲਿਸ ਨੇ ਆਖਿਆ ਕਿ ਕਈ ਹੋਰ ਮਸ਼ਕੂਕਾਂ ਉੱਤੇ ਉਨ੍ਹਾਂ ਦੀ ਨਜ਼ਰ ਹੈ। ਇਲਾਕੇ ਵਿੱਚ ਪੁਲਿਸ ਭਾਰੀ ਮਾਤਰਾ ਵਿੱਚ ਮੌਜੂਦ ਸੀ ਤੇ ਪੁਲਿਸ ਅਧਿਕਾਰੀਆਂ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

# ਜਰਮਨ ਰਾਸ਼ਟਰਪਤੀ ਨੇ ਪੰਜਾਬੀ ਮੈਡੀਕਲ ਸਟੂਡੈਂਟ ਦੀ ਸ਼ਲਾਘਾ ਕੀਤੀ

ਮਾਨਹਾਈਮ, 29 ਜੁਲਾਈ (ਪੋਸਟ ਬਿਊਰੋ)- ਜਰਮਨੀ ਨੇ ਕੋਰੋਨਾ ਵਾਇਰਸ ਲਾਗ ਨੂੰ ਫੈਲਣ ਤੋਂ ਰੋਕਣ ਲਈ ਬਹੁਤ ਵਧੀਆ ਸਿਹਤ ਸੇਵਾਵਾਂ ਅਤੇ ਲੋਕਾਂ ਨੂੰ ਜਾਗੂਰਕ ਕੀਤਾ ਹੈ। ਇਸ ਦੇਸ਼ ਵਿੱਚ ਲੰਮੇ ਸਮੇਂ ਤੋਂ ਰਹਿ ਰਹੇ ਪੰਜਾਬ ਦੇ ਜ਼ਿਲ੍ਹਾ ਲੁਧਿਆਣਾ ਦੇ ਪਿੰਡ ਗੁੱਜਰਵਾਲ ਦੇ ਪਰਮਜੀਤ ਸਿੰਘ ਗਰੇਵਾਲ ਤੇ ਡਾ. ਅਮਰ-ਜੋਤ ਕੌਰ ਗਰੇਵਾਲ ਦੇ ਪੁੱਤਰ ਅਮਰਨਦੀਪ ਸਿੰਘ ਗਰੇਵਾਲ, ਜੋ ਕੇਮੀਨੀਅਸ ਯੂਨੀਵਰਸਿਟੀ ਬਰਸਟੀਸਲਾਵਾ 'ਚ ਮੈਡੀਕਲ ਪੜ੍ਹਾਈ ਕਰ ਰਿਹਾ ਹੈ, ਨੇ ਫੇਸਬੁੱਕ 'ਤੇ 'ਮੈਡੀਸ-ਬਨਾਮ-ਕੋਇਡ-19' ਬਣਾ ਕੇ ਮੈਡੀਕਲ ਵਿਦਿਆਰਥੀਆਂ ਨੂੰ ਕੋਰੋਨਾ ਵਾਇਰਸ ਖ਼ਿਲਾਫ਼ ਇੱਕ ਸਾਂਝੇ ਮੰਚ 'ਤੇ ਜੋੜਨ ਲਈ ਵਿਸ਼ੇਸ਼ ਮੁਹਿੰਮ ਚਲਾਈ ਸੀ, ਜਿਸ ਦੀ ਕਾਫੀ ਚਰਚਾ ਹੋਈ ਸੀ।

ਗਰੇਵਾਲ ਦੇ ਸਾਥੀਆਂ ਆਂਦਰੇਸ ਜੇਹਤਨੇਰ ਅਤੇ ਅਹਿਮਦ ਅਬਦੁਲ ਰਹਿਮਾਨ ਨੇ ਹਸਪਤਾਲਾਂ ਅਤੇ ਮੈਡੀਕਲ ਵਿਦਿਆਰਥੀਆਂ ਨੂੰ ਸੂਚੀਬੱਧ ਕਰਦਿਆਂ ਜ਼ਰੂਰੀ ਸੂਚਨਾ ਅਤੇ ਸੇਵਾਵਾਂ ਦਾ ਆਦਾਨ ਪ੍ਰਦਾਨ ਚਲਾਇਆ। ਗਰੇਵਾਲ ਵੱਲੋਂ ਆਰੰਭੀ ਗਈ ਇਸ ਮੁਹਿੰਮ ਦੀ ਹਰ ਪਾਸੇ ਚਰਚਾ ਹੋਈ। ਜਰਮਨ ਦੇ ਰਾਸ਼ਟਰਪਤੀ ਫਰੰਕ ਵਾਲਟਰ ਸਟਾਇਨਮਾਯਰ ਨੇ ਅਮਨਦੀਪ ਸਿੰਘ ਗਰੇਵਾਲ ਨੂੰ ਨਿੱਜੀ ਤੌਰ 'ਤੇ ਫ਼ੋਨ ਕਰ ਕੇ ਭਰਪੂਰ ਸ਼ਲਾਘਾ ਕੀਤੀ। ਅਖ਼ਬਾਰਾਂ ਅਤੇ ਟੀ ਵੀ ਚੈਨਲਾਂ ਵੱਲੋਂ ਵਿਸ਼ੇਸ਼ ਤੌਰ 'ਤੇ ਗਰੇਵਾਲ ਦੀ ਮੁਹਿੰਮ ਦਾ ਜ਼ਿਕਰ ਕੀਤਾ ਗਿਆ। ਜਰਮਨ ਦੀ ਇੱਕ ਉਘੀ ਸੰਸਥਾ ਵੱਲੋਂ ਅਮਨਦੀਪ ਸਿੰਘ ਗਰੇਵਾਲ ਦਾ 26 ਸਤੰਬਰ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਜਾਵੇਗਾ।

# ਕਤਲ ਦੀ ਕੋਸ਼ਿਸ਼ ਵਿੱਚ ਇੱਕ ਵਿਅਕਤੀ ਨੂੰ ਕੀਤਾ ਗਿਆ ਚਾਰਜ

ਟੋਰਾਂਟੋ, 29 ਜੁਲਾਈ (ਪੋਸਟ ਬਿਊਰੋ) : ਅਜ ਸਵੇਰੇ ਹੈਮਿਲਟਨ ਦੇ ਇੱਕ ਅਪਾਰਟਮੈਂਟ ਵਿੱਚ ਛੁਰੇਬਾਜ਼ੀ ਦੀ ਵਾਪਰੀ ਘਟਨਾ ਤੋਂ ਬਾਅਦ ਇੱਕ ਵਿਅਕਤੀ ਨੂੰ ਕਤਲ ਦੀ ਕੋਸ਼ਿਸ਼ ਕਰਨ ਦੇ ਦੋਸ਼ ਵਿੱਚ ਚਾਰਜ ਕੀਤਾ ਗਿਆ ਹੈ।

ਪੁਲਿਸ ਨੇ ਦੱਸਿਆ ਕਿ ਉਨ੍ਹਾਂ ਨੂੰ ਕੁਈਨ ਤੇ ਮੇਨ ਸਟਰੀਟਸ ਲਾਗੇ ਬੋਲਡ ਸਟਰੀਟ ਉੱਤੇ ਸਥਿਤ ਇੱਕ ਘਰ ਵਿੱਚ ਰਾਤੀਂ 1:30 ਵਜੇ ਸੱਦਿਆ ਗਿਆ। ਘਰ ਵਿੱਚ ਕੁੱਝ ਗੜਬੜੀ ਦੀ ਰਿਪੋਰਟ ਮਿਲੀ ਸੀ। ਜਾਂਚਕਾਰਾਂ ਅਨੁਸਾਰ ਮੌਕੇ ਉੱਤੇ ਪਹੁੰਚੇ ਅਧਿਕਾਰੀਆਂ ਨੂੰ ਲੜਾਈ ਅਤੇ ਖ਼ੂਨ ਖਰਾਬੇ ਦੇ ਸੰਕੇਤ ਤਾਂ ਮਿਲੇ ਪਰ ਘਰ ਵਿੱਚ ਕੋਈ ਨਹੀਂ ਮਿਲਿਆ।

ਦਸ ਮਿੰਟ ਬਾਅਦ ਹੀ ਇੱਕ ਵਿਅਕਤੀ



ਢਿੱਡ ਵਿੱਚ ਹੋਏ ਜ਼ਖ਼ਮਾਂ ਦਾ ਇਲਾਜ ਕਰਵਾਉਣ ਲਈ ਹਸਪਤਾਲ ਪਹੁੰਚ ਗਿਆ। ਉਸ ਵਿਅਕਤੀ ਨੇ ਜਾਂਚਕਾਰਾਂ ਨੂੰ ਦੱਸਿਆ ਕਿ ਉਸ ਦੇ ਦੋਸਤ ਨੇ ਝਗੜੇ ਦੌਰਾਨ ਉਸ ਦੇ ਛੁਰਾ ਮਾਰ ਦਿੱਤਾ। ਉਸ ਵਿਅਕਤੀ ਨੇ ਦੱਸਿਆ ਕਿ ਉਸ ਉੱਤੇ ਹਮਲਾ ਕਰਨ ਵਾਲਾ ਵਿਅਕਤੀ ਵੀ ਉਸੇ ਹਸਪਤਾਲ ਵਿੱਚ ਇਲਾਜ ਲਈ ਆਇਆ ਹੋਇਆ ਹੈ।

ਮੌਕੇ ਉੱਤੇ ਮਿਲੇ ਸਬੂਤਾਂ ਦੀ ਜਾਂਚ ਤੋਂ ਬਾਅਦ ਦੂਜੇ ਵਿਅਕਤੀ ਨੂੰ ਚਾਰਜ ਕੀਤਾ ਗਿਆ ਹੈ। ਮਸ਼ਕੂਕ ਨੂੰ ਮਾਮੂਲੀ ਸੱਟਾਂ ਹੀ ਲੱਗੀਆਂ। ਮਸ਼ਕੂਕ ਦੀ ਪਛਾਣ ਹੈਮਿਲਟਨ ਵਾਸੀ 31 ਸਾਲਾ ਐਰਨ ਰੋਜ਼ੇਕ ਵਜੋਂ ਹੋਈ। ਇਸ ਸਮੇਂ ਉਹ ਪੁਲਿਸ ਹਿਰਾਸਤ ਵਿੱਚ ਹੀ ਹੈ।

# ਮਿਸੀਸਾਗਾ ਵਿੱਚ ਛੁਰੇਬਾਜ਼ੀ ਵਿੱਚ 20 ਸਾਲਾ ਨੌਜਵਾਨ ਦੀ ਮੌਤ

ਮਿਸੀਸਾਗਾ, 29 ਜੁਲਾਈ (ਪੋਸਟ ਬਿਊਰੋ) : ਮੰਗਲਵਾਰ ਰਾਤ ਨੂੰ ਮਿਸੀਸਾਗਾ ਵਿੱਚ ਵਾਪਰੀ ਛੁਰੇਬਾਜ਼ੀ ਦੀ ਘਟਨਾ ਤੋਂ ਬਾਅਦ 20 ਸਾਲਾ ਵਿਅਕਤੀ ਦੀ ਮੌਤ ਹੋ ਗਈ। ਰਾਤੀਂ 8:30 ਵਜੇ ਤੋਂ ਪਹਿਲਾਂ ਐਰਿਨ ਮਿਲਜ਼ ਪਾਰਕਵੇਅ ਨੇੜੇ ਬੈਟਲਫੋਰਡ ਤੇ ਮੌਂਟਵੀਡੀਓ ਰੋਡਜ਼ ਉੱਤੇ ਪੁਲਿਸ ਨੂੰ ਸੱਦਿਆ ਗਿਆ। ਮੌਕੇ ਉੱਤੇ ਪਹੁੰਚੀ ਪੁਲਿਸ ਨੂੰ ਇੱਕ ਵਿਅਕਤੀ ਜ਼ਖ਼ਮੀ ਹਾਲਤ ਵਿੱਚ ਮਿਲਿਆ ਜਿਸ ਨੂੰ ਹਸਪਤਾਲ ਲਿਜਾਇਆ ਗਿਆ, ਜਿੱਥੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ। ਪੁਲਿਸ ਨੇ ਉਸ ਦੀ ਸ਼ਨਾਖ਼ਤ ਬਰੈਂਪਟਨ ਦੇ ਈਥਨ ਨੈਲਜ਼ ਵਜੋਂ ਕੀਤੀ ਹੈ। ਇਸ ਸਮੇਂ ਕਿਸੇ ਮਸ਼ਕੂਕ ਬਾਰੇ ਕੋਈ ਜਾਣਕਾਰੀ ਹਾਸਲ ਨਹੀਂ ਹੋਈ ਹੈ ਤੇ ਨਾ ਹੀ ਇਸ ਘਟਨਾ ਦੇ ਸਬੰਧ ਵਿੱਚ ਕੋਈ ਹੋਰ ਵੇਰਵਾ ਹੀ ਪੁਲਿਸ ਵੱਲੋਂ ਜਾਰੀ ਕੀਤਾ ਗਿਆ ਹੈ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd. #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated



19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

jobs! jobs! jobs! jobs! jobs!
DUNDAS·JAFINE
HELP WANTED
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ
ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ
ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ
ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Rd., Brampton
ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com

ShergGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill
(MBA,LL.B.)
Tel: 905-790-3636



2565 Steeles Ave E Unit #20, Brampton, ON L6T 4L6
Emergency Contact:
416.910.5676
www.shergilllawfirm.ca

## ਅੱਜ ਨਾਮਾ

ਰਾਫੇਲ ਜਹਾਜ਼ ਹੈ ਭਾਰਤ ਦੇ ਵਿੱਚ ਪੁੱਜਾ,
ਹਰ ਥਾਂ ਖੁਸ਼ੀ ਦੀ ਜਾਪਦੀ ਲਹਿਰ ਮੀਆਂ।
ਇਸ ਦੇ ਆਉਣ ਦੀ ਖਬਰ ਗਵਾਂਢ ਪਹੁੰਚੀ,
ਬਣ ਗਈ ਉਨ੍ਹਾਂ ਦੇ ਵਾਸਤੇ ਜ਼ਹਿਰ ਮੀਆਂ।
ਸੁਣਿਆ ਜੰਗੀ ਜਹਾਜ਼ ਆ ਬੜਾ ਵਧੀਆ,
ਜਿੱਧਰ ਤੋਰਿਆ,ਪਾਊਗਾ ਕਹਿਰ ਮੀਆਂ।
ਬਣ ਗਏ ਹੋਰ ਜਹਾਜ਼ ਹਨ ਬਹੁਤ ਬੇਸ਼ੱਕ,
ਇਹਦੇ ਮੂਹਰੇ ਨਾ ਸਕਣਗੇ ਠਹਿਰ ਮੀਆਂ।
ਆਪਣਾ ਭਾਂਡਾ ਸਲਾਹੁਣ ਦੀ ਕਸਰ ਹੈ ਨਾ,
ਭਲਕ ਨੂੰ ਦੂਜੇ ਵੀ ਚੁੱਕ ਲਿਆਉਣਗੇ ਈ।
ਜੰਗੀ ਜੰਤਰ ਬਣਾਉਂਦੇ ਨੇ ਮੁਲਕ ਜਿਹੜੇ,
ਸੌਦਾ ਵੇਚਣ ਲਈ ਸਾਨੂੰ ਭਿੜਾਉਣਗੇ ਈ।

**ਤੀਸ ਮਾਰ ਖਾਂ**

# ਅਮਰਿੰਦਰ ਨੇ ਸੁਖਬੀਰ ਨੂੰ ਕਿਹਾ: ਤੁਹਾਡੀਆਂ ਧਮਕੀਆਂ ਮੈਨੂੰ ਪੰਜਾਬ ਦੀ ਰਾਖੀ ਕਰਨ ਤੋਂ ਨਹੀਂ ਰੋਕ ਸਕਦੀਆਂ

ਚੰਡੀਗੜ੍ਹ, 29 ਜੁਲਾਈ, (ਪੋਸਟ ਬਿਊਰੋ)- ਪਿਛਲੇ ਦਿਨੀਂ ਗੈਰ ਕਾਨੂੰਨੀ ਸਰਗਰਮੀਆਂ ਰੋਕੂ ਐਕਟ (ਯੂ ਏ ਪੀ ਏ) ਦੇ ਅਧੀਨ ਕੀਤੀਆਂ ਕੁਝ ਲੋਕਾਂ ਦੀਆਂ ਗ੍ਰਿਫਤਾਰੀਆਂ ਵਿਰੁੱਧ ਸੁਖਬੀਰ ਸਿੰਘ ਬਾਦਲ ਵੱਲੋਂ ਵਰਤੀ ਧਮਕੀ ਵਰਗੀ ਭਾਸ਼ਾ ਦੇ ਬਾਅਦ ਤਿੱਖੀ ਪ੍ਰਤੀਕਿਰਿਆ ਦਿੰਦਿਆਂ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਹੈ ਕਿ ਉਹ ਪੰਜਾਬ ਅਤੇ ਦੇਸ਼ ਦੀ ਏਕਤਾ ਤੇ ਅਖੰਡਤਾ ਦੀ ਰਾਖੀ ਲਈ ਕਾਨੂੰਨ ਅਨੁਸਾਰ ਸਭ ਢੁਕਵੇਂ ਕਦਮ ਚੁੱਕਦੇ ਰਹਿਣਗੇ। ਉਨ੍ਹਾਂ ਨੇ ਸਾਫ ਕਿਹਾ ਕਿ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀਆਂ ਧਮਕੀਆਂ ਸਾਨੂੰ ਪੰਜਾਬ ਦੇ ਲੋਕਾਂ ਦੀ ਸੁਰੱਖਿਆ ਕਰਨ ਦੇ ਫਰਜ਼ ਤੋਂ ਹਟਾ ਨਹੀਂ ਸਕਦੀਆਂ, ਅਸੀਂ ਇਹ ਜ਼ਿਮੇਵਾਰੀ ਨਿਭਾਉਂਦੇ ਰਹਾਂਗੇ।

ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਜੇ ਸੁਖਬੀਰ ਸਿੰਘ ਬਾਦਲ ਦੇ ਦਾਅਵੇ ਵਾਂਗਯੂ ਏ ਪੀ ਏਹੇਠ ਪੰਜਾਬ ਪੁਲਿਸ ਵੱਲੋਂ ਗਲਤ ਗ੍ਰਿਫਤਾਰੀ ਜਾਂ ਕੇਸ ਦਰਜ ਦੀ ਕੋਈ ਮਿਸਾਲ ਉਨ੍ਹਾਂ ਦੇ ਕੋਲ ਹੈ ਤਾਂ ਅਕਾਲੀ ਦਲ ਦਾ ਪ੍ਰਧਾਨ ਬੇਲੋੜੀ ਬਿਆਨਬਾਜ਼ੀ ਦੀ ਥਾਂ ਉਨ੍ਹਾਂ ਕੇਸਾਂ ਦੀ ਸੂਚੀ ਭੇਜ ਦੇਵੇ, ਪਰ ਪੰਜਾਬ ਵਿੱਚ ਕਿਸੇ ਉਤੇ ਝੂਠਾ ਕੇਸ ਦਰਜ ਕਰਨ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ,ਸੁਖਬੀਰ ਸਿੰਘ ਬਾਦਲ ਨੂੰ ਪੰਜਾਬ ਦੇ ਨੌਜਵਾਨਾਂ, ਖਾਸ ਕਰਕੇ ਸਿੱਖਾਂ ਨੂੰ ਪੰਜਾਬ ਪੁਲਿਸ ਦੇ ਖਿਲਾਫ ਭੜਕਾ ਕੇ ਵੱਖਵਾਦੀ



ਤਾਕਤਾਂ ਦਾ ਹੱਥ-ਠੋਕਾ ਬਣਨ ਤੋਂ ਗੁਰੇਜ਼ ਕਰਨਾ ਚਾਹੀਦਾ ਹੈ। ਉਨ੍ਹਾ ਕਿਹਾ ਕਿ ਯੂ ਏ ਪੀ ਏਕਾਨੂੰਨ ਕਾਫੀ ਪਹਿਲਾਂ ਦਾ ਬਣਿਆ ਹੈ ਅਤੇ ਸੁਖਬੀਰ ਸਿੰਘ ਬਾਦਲ ਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਅਕਾਲੀ-ਭਾਜਪਾ ਸਰਕਾਰ ਵੇਲੇ ਏਸੇ ਐਕਟ ਹੇਠ ਪੰਜਾਬ ਵਿੱਚ 60 ਤੋਂ ਵੱਧ ਕੇਸ ਦਰਜ ਹੋਏ ਸਨ, ਜਿਨ੍ਹਾਂਵਿੱਚੋਂ 2010 ਵਿੱਚ 19 ਤੇ 2017 ਵਿੱਚ 12 ਕੇਸ ਸਨ। ਇਨ੍ਹਾਂ ਕੇਸਾਂ ਵਿਚ ਫੜੇ 225 ਲੋਕਾਂਵਿੱਚੋਂ 120 ਨੂੰ ਅਦਾਲਤਾਂ ਨੇ ਬਰੀ ਕਰ ਦਿੱਤਾ ਸੀ, ਜਿਸ ਦਾ ਭਾਵ ਹੈ ਕਿ ਅਕਾਲੀ-ਭਾਜਪਾਰਾਜਵੇਲੇ ਇਸ ਐਕਟ ਦੀ ਅੰਨ੍ਹੇਵਾਹ ਦੁਰਵਰਤੋਂਹੋਈ ਸੀ, ਪਰ ਅੱਜਕੱਲ੍ਹ ਏਦਾਂ ਨਹੀਂ ਹੋ ਰਿਹਾ।

ਪਾਕਿਸਤਾਨੀ ਖੁਫੀਆ ਏਜੰਸੀ ਆਈ ਐੱਸ ਆਈਵੱਲੋਂ ਸਰਹੱਦ ਪਾਰ ਤੋਂ ਪੰਜਾਬ ਵਿੱਚ ਘੁਸਪੈਠ ਅਤੇ ਹਥਿਆਰਾਂ ਦੀ ਤਸਕਰੀ ਕਰਾਉਣ ਵੱਲ ਧਿਆਨ ਦਿਵਾਉਂਦੇ ਹੋਏ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਉਨਾਂ ਦੀ ਸਰਕਾਰ ਕਾਨੂੰਨ ਅਨੁਸਾਰ ਲੋੜੀਂਦੇ ਕਦਮ ਚੁੱਕ ਰਹੀ ਹੈ ਤਾਂ ਜੁ ਪੰਜਾਬ ਅਤੇ ਦੇਸ਼ ਦੀ ਰਾਖੀ ਕੀਤੀ ਜਾ ਸਕੇ। ਉਨਾਂ ਸਿੱਖਸ ਫਾਰ ਜਸਟਿਸ (ਐਸ ਐਫ ਜੇ) ਬਾਰੇ ਕਿਹਾ ਕਿ ਕੁਝ ਇਹ ਤਾਕਤਾਂ ਵੱਖਵਾਦੀ ਵਿਚਾਰਧਾਰਾ ਨੂੰ ਉਤਸ਼ਾਹਤ ਕਰ ਕੇ ਭਾਰਤ ਵਿੱਚ ਗੜਬੜਕਰਾਉਣਾ ਚਾਹੁੰਦੀਆਂ ਹਨ।ਮੁੱਖ ਮੰਤਰੀ ਨੇ ਕਿਹਾ ਕਿ ਸੁਖਬੀਰ ਸਿੰਘ ਬਾਦਲ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਐਸ ਐਫ ਜੇ ਨੂੰ ਭਾਰਤ ਸਰਕਾਰ ਨੇ ਗੈਰ-ਕਾਨੂੰਨੀ ਸੰਸਥਾ ਐਲਾਨਿਆ ਹੈ ਤੇ ਇਸ ਦੇ ਮੁਖੀ ਗੁਰਪਤਵੰਤ ਪੰਨੂੰ ਨੂੰ ਅੱਤਵਾਦੀ ਐਲਾਨ ਕੀਤਾ ਹੈ, ਇਸ ਕਰ ਕੇ ਪੰਜਾਬ ਸਮੇਤ ਸਾਰੇ ਰਾਜਾਂ ਦੀ ਪੁਲਿਸ ਕੌਮੀ ਸੁਰੱਖਿਆ ਨੂੰ ਢਾਹ ਲਾਉਣ ਵਾਲਿਆਂ ਦੇ ਵਿਰੁੱਧ ਕਾਨੂੰਨੀ ਕਾਰਵਾਈ ਕਰਨ ਦੀ ਪਾਬੰਦ ਹੈ। ਮੁੱਖ ਮੰਤਰੀ ਨੇ ਕਿਹਾ ਕਿ ਜਦੋਂ ਦੁਨੀਆਂ ਭਰ ਦੇ ਸਿੱਖ ਐਸ ਐਫ ਜੇਦਾਇਹ ਏਜੰਡਾ ਰੱਦ ਕਰ ਰਹੇ ਹਨ, ਓਦੋਂ ਸੁਖਬੀਰ ਸਿੰਘ ਵੱਲੋਂ ਅਸਲ ਮਾਅਨਿਆਂ ਵਿੱਚਉਸ ਦੀ ਹਮਾਇਤ ਕੀਤੀ ਜਾ ਰਹੀ ਹੈ।

# ਭਾਰਤ ਵਿੱਚ ਅਨਲੌਕ-3 ਦੀਆਂ ਗਾਈਡਲਾਈਨਜ਼ ਵਿੱਚ ਕਈ ਛੋਟਾਂ ਦਾ ਐਲਾਨ

ਨਵੀਂ ਦਿੱਲੀ, 29 ਜੁਲਾਈ, (ਪੋਸਟ ਬਿਊਰੋ)- ਭਾਰਤ ਦੇਕੇਂਦਰੀ ਗ੍ਰਹਿ ਮੰਤਰਾਲੇ ਨੇ ਕੋਰੋਨ ਵਾਇਰਸ ਦੇ ਕਾਰਨ ਲਾਏ ਲਾਕਡਾਊਨ ਨੂੰ ਢਿੱਲਾ ਕਰਨ ਲਈ 'ਅਨਲੌਕ ਫੇਜ਼ 3' ਦੀਆਂ ਗਾਈਡਲਾਈਨਜ਼ ਜਾਰੀ ਕੀਤੀਆਂ ਹਨ, ਜੋ 1 ਅਗਸਤ ਤੋਂ ਲਾਗੂ ਹੋਣਗੀਆਂ।ਨਵੇਂ ਨਿਰਦੇਸ਼ਾਂ ਮੁਤਾਬਿਕ ਨਾਈਟ ਕਰਫਿਊ ਹਟਾਉਣ ਦੀ ਛੋਟ ਕੰਟੇਨਮੈਂਟ ਜ਼ੋਨ ਤੋਂ ਬਾਹਰਸਾਰੇ ਖੇਤਰਾਂ ਨੂੰ ਦੇ ਦਿੱਤੀ ਗਈ ਹੈ, ਪਰ ਕੰਟੇਨਮੈਂਟ ਜ਼ੋਨ ਵਿੱਚ ਲੌਕਡਾਊਨ 31 ਅਗਸਤ ਤੱਕ ਜਾਰੀ ਰਹੇਗਾ।

ਅਨਲੌਕ ਫੇਜ਼ 3 ਵਿੱਚ ਯੋਗਾ ਇੰਸਟੀਟਿਊਟ ਅਤੇ ਜਿਮ 5 ਅਗਸਤ 2020 ਤੋਂ ਖੁੱਲ੍ਹਣਗੇ, ਪਰ ਇਸ ਬਾਰੇ ਖਾਸ ਹਦਾਇਤਾਂ ਜਾਰੀ ਕੀਤੀਆਂ ਜਾਣਗੀਆਂ ਤਾਂ ਜੋ ਸੋਸ਼ਲ ਡਿਸਟੈਂਸਿੰਗ ਅਤੇ ਕੋਰੋਨਾਵਾਇਰਸ ਫੈਲਣਤੋਂ ਸਾਵਧਾਨੀ ਵਰਤੀ ਜਾਂਦੀ ਰਹੇ। ਨਾਈਟ ਕਰਫਿਊ ਹਟਾਏ ਜਾਣ ਨਾਲ ਰਾਤ ਵੇਲੇ ਆਵਾਜਾਈ ਹੋ ਸਕੇਗੀ। ਦੂਸਰੇ ਪਾਸੇ ਸਕੂਲ ਕਾਲਜ ਤੇ ਹੋਰ ਵਿਦਿਅਕ ਅਦਾਰੇ 31 ਅਗਸਤ ਤੱਕ ਅਜੇ ਬੰਦ ਰਹਿਣਗੇ। ਏਦਾਂ ਹੀ ਮੈਟਰੋ ਤੇ ਰੇਲ ਸੇਵਾ ਬੰਦ ਰਹੇਗੀ ਅਤੇਸਮਾਜੀ ਤੇ ਸਿਆਸੀ ਇਕੱਠ ਕਰਨ, ਸਿਨੇਮਾ ਹਾਲ ਜਾਂ ਸਵੀਮਿੰਗ ਪੂਲ, ਪਾਰਕ ਅਤੇ ਬਾਰ ਖੋਲ੍ਹਣ ਦੀ ਰੋਕ ਰਹੇਗੀ। ਆਜ਼ਾਦੀ ਦਿਵਸ 15 ਅਗਸਤ ਦੇ ਸਮਾਗਮਾਂ ਵਿੱਚ ਸੋਸ਼ਲ ਡਿਸਟੈਂਸਿੰਗ ਜ਼ਰੂਰੀ ਹੋਵੇਗੀ।

# ਕਿਸਾਨੀ ਆਰਡੀਨੈਂਸਾਂ ਦੀ ਕੌੜ: ਹਰਸਿਮਰਤ ਕੌਰ ਬਾਦਲ ਦਾ ਅਸਤੀਫ਼ਾ ਬਠਿੰਡੇ ਦੇ ਭਾਜਪਾ ਆਗੂ ਨੇ ਵੀ ਮੰਗ ਲਿਆ

ਬਠਿੰਡਾ, 29 ਜੁਲਾਈ, (ਪੋਸਟ ਬਿਊਰੋ)- ਭਾਰਤ ਦੀ ਨਰਿੰਦਰ ਮੋਦੀ ਸਰਕਾਰ ਵੱਲੋਂ ਪਿਛਲੇ ਦਿਨੀਂ ਖੇਤੀ ਖੇਤਰ ਬਾਰੇ ਜਾਰੀ ਕੀਤੇ ਤਿੰਨ ਆਰਡੀਨੈਸਾਂਦੇ ਵਿਵਾਦ ਦੌਰਾਨ ਪੰਜਾਬ ਦੀ ਭਾਜਪਾ ਨੇ ਅਕਾਲੀ ਦਲ ਉੱਤੇ ਦੋਹਰੀ ਰਾਜਨੀਤੀ ਕਰਨ ਦਾ ਦੋਸ਼ ਲਾਇਆ ਹੈ। ਭਾਜਪਾ ਆਗੂਆਂ ਨੇ ਸਾਫ ਤੌਰ ਉੱਤੇ ਅਕਾਲੀ ਦਲ ਦੇ ਇਸ ਸਟੈਂਡ ਉੱਤੇ ਸਖ਼ਤ ਇਤਰਾਜ਼ ਕੀਤਾ ਤੇ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਨੂੰ ਮੰਤਰੀ ਮੰਡਲ ਤੋਂ ਬਾਹਰ ਆਉਣ ਦੀ ਚੁਣੌਤੀ ਦਿਤੀ ਹੈ।

ਵਰਨਣ ਯੋਗ ਹੈ ਕਿ ਪਿਛਲੇ ਦਿਨੀਂ ਭਾਜਪਾ ਵਲੋਂ ਇਕੱਲੇ ਚੱਲਣ ਦੀਆਂ ਗੱਲਾਂ ਚੱਲ ਪਈਆਂ ਸਨ ਤੇ ਇਸੇ ਦੌਰਾਨ ਅੱਜ ਹਰਸਿਮਰਤ ਕੌਰ ਬਾਦਲ ਦਾ ਅਸਤੀਫ਼ਾ ਮੰਗਣ ਦੀ ਅਵਾਜ਼ ਵੀ ਉਸ ਦੇ ਚੋਣ ਹਲਕੇ ਬਠਿੰਡਾਤੋਂ ਉਠੀ ਹੈ। ਪੰਜਾਬ ਭਾਜਪਾ ਦੇ ਸੂਬਾਈ ਬੁਲਾਰੇ ਸੁਖ਼ਪਾਲ ਸਿੰਘ ਸਰਾਂ ਨੇ ਹਰਸਿਮਰਤ ਕੌਰ ਬਾਦਲ ਦਾ ਅਸਤੀਫਾ ਮੰਗਿਆ ਅਤੇਅੱਜ ਇਥੇ ਜਾਰੀ ਕੀਤੇ ਬਿਆਨ ਰਾਹੀਂ ਅਕਾਲੀ ਦਲ ਦੀ ਰਾਜਨੀਤੀ ਉੱਤੇ



ਸਖ਼ਤ ਵਾਰਕਰਦਿਆਂਉਨ੍ਹਾ ਨੇ ਕਿਹਾ ਕਿ ਮੋਦੀ ਸਰਕਾਰ ਨੇ ਕਿਤੇ ਵੀ ਕਿਸਾਨਾਂ ਦਾ ਨੁਕਸਾਨ ਨਹੀਂ ਕੀਤਾ ਤੇ ਵਾਰ-ਵਾਰ ਕੇਂਦਰ ਸਰਕਾਰ ਦੇ ਮੰਤਰੀ ਸਾਫ ਕਹਿ ਰਹੇ ਹਨ ਕਿ ਇਸ ਬਿੱਲ ਰਾਹੀਂ ਕਿਸੇ ਕਿਸਾਨ ਜਾਂ ਆੜ੍ਹਤੀ ਨੂੰ ਘਾਟਾ ਨਹੀਂਪਵੇਗਾ। ਉਨ੍ਹਾਂ ਦੋਸ਼ ਲਾਇਆ ਕਿ ਐਨਡੀਏ ਗੱਠਜੋੜ ਵਿਚ ਸ਼ਾਮਲ ਅਕਾਲੀ ਆਗੂ ਇਸ ਮੁੱਦੇ ਉੱਤੇ ਰਾਜਨੀਤਕ ਬਿਆਨਬਾਜ਼ੀ ਕਰ ਰਹੇ ਹਨ, ਜਦਕਿ ਪਾਰਲੀਮੈਂਟ ਵਿਚ ਅਕਾਲੀਆਂ ਨੇ ਇਸ ਨੂੰ ਸਪੱਸ਼ਟ ਹਮਾਇਤ ਦਿਤੀ ਸੀ। ਸੁਖ਼ਪਾਲ ਸਿੰਘ ਸਰਾਂ ਨੇ ਅਕਾਲੀ ਦਲ ਨੂੰ ਚੇਤਾਵਨੀ ਦਿੱਤੀ ਕਿ ਉਹ ਝੂਠ ਦੀ ਰਾਜਨੀਤੀ ਬੰਦ ਕਰਨ ਜਾਂ ਕੇਂਦਰ ਵਿਚੋਂ ਮੰਤਰੀ ਅਹੁਦਾ ਛੱਡ ਦੇਣ। ਉਨ੍ਹਾਂ ਕਿਹਾ ਅਕਾਲੀ ਦਲ ਅਤੇ ਹੋਰ ਲੋਕ ਕਿਸਾਨਾਂ ਨੂੰ ਗੁੰਮਰਾਹ ਕਰ ਕਰ ਰਹੇ ਹਨ। ਉਨ੍ਹਾਂ ਐਲਾਨ ਕੀਤਾ ਕਿ ਜੇ ਅਕਾਲੀ ਦਲ ਨੇ ਭਾਜਪਾ ਸਰਕਾਰ ਨੂੰ ਬਦਨਾਮ ਕਰਨਾ ਬੰਦ ਨਾ ਕੀਤਾ ਤਾਂ ਭਾਜਪਾ ਨੂੰ ਅਕਾਲੀ ਦਲ ਤੋਂ ਨਾਤਾ ਤੋੜਨਾ ਪਵੇਗਾ ਤੇ ਭਾਜਪਾ ਇਕੱਲੀ ਪੰਜਾਬ ਵਿਚ ਚੋਣਾਂ ਲੜੇਗੀ।

ਦੂਸਰੇ ਪਾਸੇਅਕਾਲੀ ਦੇ ਕਿਸਾਨ ਵਿੰਗ ਦੇ ਕੌਮੀ ਪ੍ਰਧਾਨ ਸਿਕੰਦਰ ਸਿੰਘ ਮਲੂਕਾ ਨੇ ਕਿਹਾ ਕਿ ਭਾਜਪਾ ਇਕ ਕੌਮੀ ਪਾਰਟੀ ਹੈ, ਇਸ ਦੇ ਸੂਬਾਈ ਆਗੂਆਂ ਨੂੰ ਬੋਲਣ ਤੋਂ ਪਹਿਲਾਂ ਤੋਲਣਾ ਚਾਹੀਦਾ ਹੈ। ਮਲੂਕਾ ਨੇ ਕਿਹਾ ਕਿ ਅਕਾਲੀ ਦਲ ਦਾ ਸਿੱਧਾ ਸਮਝੌਤਾ ਭਾਜਪਾ ਹਾਈ ਕਮਾਂਡ ਨਾਲ ਹੈ ਤੇ ਜੇ ਇਸ ਦੇ ਕੁਝ ਆਗੂਆਂ ਨੂੰ ਇਹ ਚੰਗਾ ਨਹੀਂ ਲਗਦਾ ਤਾਂ ਉਹ ਹਾਈਕਮਾਂਡ ਤੋਂ ਬਿਆਨ ਦਿਵਾਉਣ। ਉਨ੍ਹਾਂ ਮੰਗ ਕੀਤੀ ਕਿ 50 ਸਾਲਾਂ ਤੋਂ ਦੋਵਾਂ ਪਾਰਟੀਆਂ ਵਿੱਚ ਚੱਲ ਰਹੀ ਭਾਈਚਾਰਕ ਸਾਂਝ ਨੂੰ ਤਾਰੋਪੀਡ ਕਰਨ ਵਾਲੇ ਆਗੂਆਂ ਉੱਤੇ ਭਾਜਪਾ ਹਾਈ ਕਮਾਂਡ ਨੂੰ ਨਕੇਲ ਕੱਸਣੀ ਚਾਹੀਦੀ ਹੈ।

# ਅਯੁੱਧਿਆ ਵਿੱਚ ਮਸਜਿਦ ਲਈ ਵੀ ਟਰੱਸਟ ਬਣਾਇਆ ਗਿਆ

### * ਸੁੰਨੀ ਵਕਫ ਬੋਰਡ ਹੀ ਮੁੱਢਲਾ ਟਰੱਸਟ ਹੋਵੇਗਾ

ਅਯੁੱਧਿਆ, 29 ਜੁਲਾਈ, (ਪੋਸਟ ਬਿਊਰੋ)- ਅਯੁੱਧਿਆ ਵਿੱਚ ਰਾਮ ਮੰਦਰ ਦੀ ਉਸਾਰੀ ਬਾਰੇ ਜਦੋਂ 5 ਅਗਸਤ ਨੂੰ ਭੂਮੀ ਪੂਜਨਤੇ ਨੀਂਹ ਪੱਥਰ ਰੱਖਣ ਦੀਆਂ ਤਿਆਰੀਆਂ ਹੋ ਰਹੀਆਂ ਹਨ, ਓਦੋਂ ਮਸਜਿਦ ਬਣਾਉਣ ਲਈ ਵੀ ਅੱਜ ਬੁੱਧਵਾਰ ਨੂੰ ਇੱਕ ਟਰੱਸਟ ਬਣਾ ਦਿੱਤਾ ਗਿਆ ਹੈ। ਉੱਤਰ ਪ੍ਰਦੇਸ਼ ਸੁੰਨੀ ਸੈਂਟਰਲ ਵਕਫ ਬੋਰਡ ਇਸ ਦਾ ਮੁੱਢਲਾ ਟਰੱਸਟੀ ਬਣਿਆ ਹੈ ਅਤੇ ਇਸ ਟਰੱਸਟ ਵਿੱਚ 15 ਮੈਂਬਰ ਸ਼ਾਮਲ ਹੋਣਗੇ।

ਅੱਜ ਕੀਤੇ ਗਏ ਐਲਾਨ ਮੁਤਾਬਕ ਮਸਜਿਦ ਉਸਾਰੀ ਲਈ ਬਣੇ ਟਰੱਸਟ ਦਾ ਨਾਮ ਇੰਡੋ ਇਸਲਾਮਿਕ ਕਲਚਰਲ ਫਾਉਂਡੇਸ਼ਨ ਹੋਵੇਗਾ ਤੇ ਇਸ ਲਈ 9 ਮੈਂਬਰਾਂ ਦੇ ਨਾਂ ਦਾ ਐਲਾਨ ਕੀਤਾ ਗਿਆ ਹੈ। ਜ਼ਫਰ ਫਾਰੂਕੀ ਟਰੱਸਟ ਦੇ ਪ੍ਰਧਾਨ ਤੇ ਟਰੱਸਟ ਦੇ ਮੈਂਬਰ ਅਤਹਰ ਹੁਸੈਨ ਇਸ ਦੇ ਬੁਲਾਰਾ ਹੋਣਗੇ।ਮਸਜਿਦ ਲਈ ਅਯੁੱਧਿਆ ਜ਼ਿਲੇ ਦੇ ਧੰਨੀਪੁਰ ਪਿੰਡਵਿੱਚ ਮਿਲੀ 5 ਏਕੜ ਜ਼ਮੀਨ ਉੱਤੇ ਮਸਜਿਦ, ਇੰਡੋ ਇਸਲਾਮਿਕ ਰਿਸਰਚ ਸੈਂਟਰ, ਲਾਇਬ੍ਰੇਰੀ ਅਤੇ ਹਸਪਤਾਲ ਬਣਾਇਆ ਜਾਵੇਗਾ। ਇਸ ਦੇ ਲਈ ਇੰਡੋ ਇਸਲਾਮਿਕ ਕਲਚਰਲ ਫਾਉਂਡੇਸ਼ਨ ਨਾਮ ਵਾਲਾ ਇਹ ਟਰੱਸਟ ਬਣਾਇਆ ਗਿਆ ਹੈ। ਵਕਫ ਬੋਰਡ ਦੇ ਚੀਫ ਕਾਰਜਕਾਰੀ ਅਧਿਕਾਰੀ ਸਈਦ ਮੁਹੰਮਦ ਸ਼ੋਏਬ ਨੇ ਦੱਸਿਆ ਕਿ ਇਸ ਟਰੱਸਟ ਵਿੱਚ ਕੁਲ 9 ਮੈਬਰਾਂ ਦੇ ਨਾਵਾਂ ਦਾ ਐਲਾਨ ਕੀਤਾ ਗਿਆ ਹੈ। ਉੱਤਰ ਪ੍ਰਦੇਸ਼ ਸੁੰਨੀ ਵਕਫ ਬੋਰਡ ਇਸ ਦਾ ਮੁੱਢਲਾ ਟਰੱਸਟੀ ਹੋਵੇਗਾ ਤੇ ਬੋਰਡ ਦਾ ਮੁੱਖ ਕਾਰਜਕਾਰੀ ਅਧਿਕਾਰੀ ਇਸ ਦਾ ਕਾਰਜਕਾਰੀ ਨੁਮਾਇੰਦਾ ਹੋਵੇਗਾ। ਉਨ੍ਹਾਂ ਦੱਸਿਆ ਕਿ ਇਸ ਤੋਂ ਬਿਨਾ ਉਹ ਖੁਦ ਟਰੱਸਟ ਦੇ ਮੁੱਖ ਟਰੱਸਟੀ ਤੇ ਪ੍ਰਧਾਨ ਹੋਣਗੇ। ਬੋਰਡ ਦੇ ਪ੍ਰਧਾਨ ਜ਼ਫਰ ਅਹਿਮਦ ਫਾਰੂਕੀ ਨੂੰ ਟਰੱਸਟ ਦਾ ਪ੍ਰਧਾਨ ਬਣਾਇਆ ਤੇ ਫੈਜ਼ ਆਫਤਾਬ ਇਸਟਰੱਸਟ ਦੇ ਖਜ਼ਾਨਚੀ ਹੋਣਗੇ। ਮੁਹੰਮਦ ਜੁਨੈਦ ਸਿੱਦੀਕੀ, ਸ਼ੇਖ ਸੈਦੁਜ਼ਮਾਨ, ਮੁਹੰਮਦ ਰਾਸ਼ਿਦ ਅਤੇ ਇਮਰਾਨ ਅਹਿਮਦ ਟਰੱਸਟ ਦੇ ਮੈਂਬਰ ਬਣਾਏ ਗਏ ਹਨ। ਮਸਜਿਦ ਉਸਾਰੀ ਟਰੱਸਟ ਦੇ ਸਕੱਤਰ ਅਤਹਰ ਹੁਸੈਨ ਇਸ ਟਰੱਸਟ ਦਾ ਆਧਿਕਾਰਕ ਬੁਲਾਰਾ ਹੋਣਗੇ।ਰਜ਼ਾ ਨੇ ਕਿਹਾ ਕਿ ਸੁੰਨੀ ਵਕਫ ਬੋਰਡ ਤੈਅ ਕਰੇਗਾ ਕਿ ਮਸਜਿਦ ਕਦੋਂ ਤੇ ਕਿਵੇਂ ਬਣਾਉਣੀ ਹੈ। ਉਨ੍ਹਾ ਇਹ ਵੀ ਕਿਹਾ ਕਿ ਫਿਲਹਾਲ ਸੁੰਨੀ ਬੋਰਡ ਦੀ ਮਿਆਦ ਖਤਮ ਹੋ ਗਈ ਹੈ ਅਤੇ ਇਸ ਦੇ ਨਵੇਂ ਕਾਰਜਕਾਲ ਤੋਂ ਪਹਿਲਾਂ ਉਨ੍ਹਾਂ ਨੂੰ 6 ਮਹੀਨੇ ਦਾ ਐਕਸਟੈਂਸ਼ਨ ਦਿੱਤਾ ਗਿਆ ਹੈ।

# ਅਹਿਮਦੀਨੇਜਾਦ ਵੱਲੋਂ ਸਾਊਦੀ ਕਰਾਊਨ ਪ੍ਰਿੰਸ ਨੂੰ ਲਿਖੀ ਚਿੱਠੀ ਦੇ ਚਰਚੇ

ਵਾਸ਼ਿੰਗਟਨ, 29 ਜੁਲਾਈ (ਪੋਸਟ ਬਿਊਰੋ)- ਈਰਾਨ, ਇਜ਼ਰਾਈਲ ਅਤੇ ਸਾਊਦੀ ਅਰਬ ਦੇ ਰਿਸ਼ਤਿਆਂ ਨੂੰ ਜਾਨਣ ਵਾਲੇ ਲੋਕਾਂ ਨੂੰ ਹੈਰਾਨ ਕਰ ਦੇਣ ਵਾਲੇ ਘਟਨਾਕ੍ਰਮ ਵਿੱਚ ਸਾਬਕਾ ਈਰਾਨੀ ਰਾਸ਼ਟਰਪਤੀ ਨੇ ਸਾਊਦੀ ਅਰਬ ਦੇ ਕਰਾਊਨ ਪ੍ਰਿੰਸ ਨੂੰ ਪੱਤਰ ਲਿਖਿਆ ਹੈ, ਜੋ ਆਪਣੇ ਆਪ ਵਿੱਚ ਅਨੋਖਾ ਹੈ, ਕਿਉਂਕਿ ਕਦੇ ਇਜ਼ਰਾਈਲ ਨੂੰ ਦੁਨੀਆ ਦੇ ਨਕਸ਼ੇ ਤੋਂ ਖਤਮ ਕਰ ਦੇਣ ਦੀ ਗੱਲ ਕਰਨ ਵਾਲੇ ਸਾਬਕਾ ਰਾਸ਼ਟਰਪਤੀ ਨੇ ਇਸ ਵਿੱਚ ਅਮਨ ਚੈਨ ਦੀ ਗੱਲ ਕੀਤੀ ਹੈ। ਧਿਆਨ ਦੇਣ ਵਾਲੀ ਗੱਲ ਹੈ ਕਿ ਖਾੜੀ ਦੇ ਇਹ ਦੋਵੇਂ ਦੇਸ਼ ਇਜ਼ਰਾਈਲ ਦੇ ਨਾਲ-ਨਾਲ ਇੱਕ ਦੂਜੇ ਦੇ ਵੀ ਕੱਟੜ ਦੁਸ਼ਮਣ ਹਨ, ਪਰ ਯਮਨ ਦਾ ਯੁੱਧ ਖਤਮ ਕਰਵਾਉਣ ਲਈ ਈਰਾਨ ਦੇ ਸਾਬਕਾ ਰਾਸ਼ਟਰਪਤੀ ਮਹਿਮੂਦ ਅਹਿਮਦੀਨੇਜਾਦ ਨੇ ਸਾਊਦੀ ਅਰਬ ਨੂੰ ਨਾਲ ਲੈਣ ਲਈ ਇਹ ਇਕਤਰਫਾ ਗੱਲ ਕੀਤੀ ਹੈ। ਸਾਊਦੀ ਅਰਬ ਵੱਲੋਂ ਅਜੇ ਤੱਕ ਇਸ ਪੱਤਰ 'ਤੇ ਕੋਈ ਜਵਾਬ ਨਹੀਂ ਦਿੱਤਾ ਗਿਆ। ਸਾਊਦੀ ਅਰਬ ਅਤੇ ਈਰਾਨ ਦੇ ਆਗੂਆਂ ਵਿਚਕਾਰ ਕਦੇ ਵੀ ਬਿਹਤਰ ਸੰਬੰਧ ਨਹੀਂ ਰਹੇ। ਉਨ੍ਹਾਂ ਵਿਚਕਾਰ ਗੱਲਬਾਤ ਵੀ ਨਹੀਂ ਹੁੰਦੀ। ਇਰਾਨ ਦੇ ਸੁਪਰੀਮ ਆਗੂ ਆਇਤੁੱਲਾ ਅਲੀ ਖੋਮੀਨੀ ਸਮੇਤ ਚੋਟੀ ਦੇ ਆਗੂ ਸਾਊਦੀ ਅਰਬ ਦੇ ਕਰਾਊਨ ਪ੍ਰਿੰਸ ਨੂੰ ਨਿਰੰਕੁਸ਼, ਜ਼ਾਲਮ ਅਤੇ ਸਿਆਸਤ ਤੋਂ ਕੋਰਾ ਮੰਨਦੇ ਹਨ।

ਸਾਊਦੀ ਅਰਬ ਦੇ ਕਰਾਊਨ ਪ੍ਰਿੰਸ ਖੋਮੀਨੀ ਦੀ ਤੁਲਨਾ ਹਿਟਲਰ ਨਾਲ ਕਰਦੇ ਹਨ ਅਤੇ ਈਰਾਨ ਨਾਲ ਕਿਸੇ ਵੀ ਤਰ੍ਹਾਂ ਦੀ ਗੱਲਬਾਤ ਨੂੰ ਫਜ਼ੂਲ ਦੱਸਦੇ ਹਨ। ਇਸ ਪੱਖ ਤੋਂ ਅਹਿਮਦੀਨੇਜਾਦ ਦਾ ਪ੍ਰਿੰਸ ਸਲਮਾਨ ਨੂੰ ਪੱਤਰ ਹੈਰਾਨ ਕਰਦਾ ਹੈ। ਉਨ੍ਹਾਂ ਨੇ ਸਲਮਾਨ ਦੀ ਜੰਮ ਕੇ ਸ਼ਲਾਘਾ ਕੀਤੀ ਹੈ।

# ਖੇਤੀ ਸਬੰਧੀ ਕੇਂਦਰ ਦੇ ਤਿੰਨ ਨਵੇਂ ਆਰਡੀਨੈਂਸਾਂ ਦਾ ਢੀਂਡਸਾ ਵੱਲੋਂ ਵਿਰੋਧ

ਚੰਡੀਗੜ੍ਹ, 29 ਜੁਲਾਈ (ਪੋਸਟ ਬਿਊਰੋ)- ਸ਼੍ਰੋਮਣੀ ਅਕਾਲੀ ਦਲ (ਡੈਮੋਕ੍ਰੈਟਿਕ) ਦੇ ਪ੍ਰਧਾਨ ਅਤੇ ਪਾਰਲੀਮੈਂਟ ਦੇ ਮੈਂਬਰ ਸੁਖਦੇਵ ਸਿੰਘ ਢੀਂਡਸਾ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਪੱਤਰ ਲਿਖ ਕੇ ਖੇਤੀ ਉਪਜ ਅਤੇ ਖ਼ਰੀਦ ਬਾਰੇ ਜਾਰੀ ਕੀਤੇ ਤਿੰਨ ਨਵੇਂ ਆਰਡੀਨੈਂਸਾਂ ਦਾ ਤਿੱਖਾ ਵਿਰੋਧ ਕਰਦਿਆਂ ਇਨ੍ਹਾਂ ਨੂੰ ਤੁਰੰਤ ਵਾਪਸ ਲੈਣ ਦੀ ਮੰਗ ਕੀਤੀ ਹੈ।




ਪ੍ਰਧਾਨ ਮੰਤਰੀ ਨੂੰ ਲਿਖੇ ਪੱਤਰ 'ਚ ਸੁਖਦੇਵ ਸਿੰਘ ਢੀਂਡਸਾ ਨੇ ਕਿਹਾ ਕਿ ਇਹ ਆਰਡੀਨੈਂਸ ਜਿੱਥੇ ਸਮੁੱਚੇ ਦੇਸ਼ ਦੀ ਕਿਸਾਨੀ 'ਚ ਬੇਚੈਨੀ ਪੈਦਾ ਕਰ ਰਹੇ ਹਨ, ਉਥੇ ਇਨ੍ਹਾਂ ਨਾਲ ਪਿਛਲੀ ਅੱਧੀ ਕੁ ਸਦੀ ਤੋਂ ਕਿਸਾਨੀ ਉਪਜ ਲਈ ਚੱਲ ਰਹੀ ਮਾਰਕੀਟਿੰਗ ਪ੍ਰਣਾਲੀ ਖ਼ਤਮ ਹੋ ਜਾਵੇਗੀ ਤੇ ਦੇਸ਼ ਦਾ ਕਿਸਾਨ, ਜੋ ਪਹਿਲਾਂ ਹੀ ਵੱਡੀ ਮੰਦਹਾਲੀ ਤੋਂ ਗੁਜ਼ਰ ਰਿਹਾ ਹੈ, ਲਈ ਖੇਤੀ ਖਿੱਤਾ ਜਾਰੀ ਰੱਖਣਾ ਅਸੰਭਵ ਹੋ ਜਾਵੇਗਾ। ਉਨ੍ਹਾਂ ਕਿਹਾ ਕਿ ਦਿਹਾਤੀ ਖੇਤਰਾਂ 'ਚ ਚੱਲ ਰਹੀਆਂ ਖੇਤੀ ਮਾਰਕੀਟਿੰਗ ਕਮੇਟੀਆਂ ਨੂੰ ਆਰਡੀਨੈਂਸ ਰਾਹੀਂ ਜਿਵੇਂ ਕੋਈ ਵੀ ਟੈਕਸ ਜਾਂ ਸੈਸ ਲਾਉਣ ਤੋਂ ਮਨ੍ਹਾਂ ਕਰ ਦਿੱਤਾ ਹੈ, ਉਸ ਨਾਲ ਸੂਬਿਆਂ 'ਚ ਕੰਮ ਕਰਦੀਆਂ ਖੇਤੀ ਮਾਰਕੀਟ ਕਮੇਟੀਆਂ ਤੇ ਬੋਰਡ ਖ਼ਤਮ ਹੋ ਜਾਣਗੇ ਤੇ ਉਨ੍ਹਾਂ ਵੱਲੋਂ ਇਕੱਠੇ ਕੀਤੇ ਜਾ ਰਹੇ ਟੈਕਸ, ਜਿਨ੍ਹਾਂ ਨਾਲ ਦਿਹਾਤੀ ਖੇਤਰਾਂ ਦਾ ਵਿਕਾਸ ਹੋ ਰਿਹਾ ਸੀ, ਉਹ ਵੀ ਰੁਕ ਜਾਵੇਗਾ। ਢੀਂਡਸਾ ਨੇ ਆਪਣੇ ਪੱਤਰ 'ਚ ਕਿਹਾ ਕਿ ਆਰਡੀਨੈਂਸਾਂ ਰਾਹੀਂ ਲੰਬੇ ਸਮੇਂ ਤੋਂ ਚੱਲ ਰਹੀ ਆੜ੍ਹਤੀਆ ਪ੍ਰਣਾਲੀ ਖ਼ਤਮ ਹੋ ਜਾਵੇਗੀ, ਜੋ ਕਿਸਾਨਾਂ ਦੀਆਂ ਦੂਜੀਆਂ ਫ਼ਸਲਾਂ ਤੇ ਉਪਜ ਦੀ ਖਰੀਦ ਦਾ ਕੰਮ ਕਰ ਰਹੇ ਸਨ, ਜਿਨ੍ਹਾਂ 'ਚ ਫਲ, ਸਬਜ਼ੀਆਂ, ਦਾਲਾਂ, ਤੇਲ ਦੇ ਬੀਜ, ਡੇਅਰੀ ਨਾਲ ਸਬੰਧਿਤ ਵਸਤਾਂ ਸ਼ਾਮਲ ਹਨ। ਉਨ੍ਹਾ ਦੋਸ਼ ਲਾਇਆ ਕਿ ਇਨ੍ਹਾਂ ਆਰਡੀਨੈਂਸਾਂ 'ਚ ਕਾਰਪੋਰੇਟ ਘਰਾਣਿਆਂ ਨੂੰ ਫ਼ਾਇਦਾ ਪਹੁੰਚਾਉਣ ਦੀ ਕੋਸ਼ਿਸ਼ ਕੀਤੀ ਗਈ ਹੈ ਜਦ ਕਿ ਇਨ੍ਹਾਂ ਆਰਡੀਨੈਂਸਾਂ 'ਚ ਕਿਸਾਨਾਂ ਲਈ ਘੱਟੋ-ਘੱਟ ਖ਼ਰੀਦ ਮੁੱਲ ਦਾ ਕਿਤੇ ਜ਼ਿਕਰ ਨਹੀਂ ਕੀਤਾ ਗਿਆ। ਆਰਡੀਨੈਂਸਾਂ 'ਚ ਇਸ ਗੱਲ ਦਾ ਵੀ ਜ਼ਿਕਰ ਨਹੀਂ ਕਿ ਕਿਹੜੀ ਕੇਂਦਰੀ ਜਾਂ ਸੂਬੇ ਦੀ ਏਜੰਸੀ ਇਸ ਗੱਲ ਦੀ ਜ਼ਿੰਮੇਵਾਰ ਹੋਵੇਗੀ ਕਿ ਫ਼ਸਲ ਦੀ ਖ਼ਰੀਦ ਘੱਟੋ-ਘੱਟ ਖ਼ਰੀਦ ਮੁੱਲ ਤੋਂ ਘੱਟ ਨਾ ਹੋਵੇ। ਉਨ੍ਹਾਂ ਕਿਹਾ ਕਿ ਇਸ ਵੇਲੇ ਭਾਰਤ ਸਰਕਾਰ ਫ਼ਸਲਾਂ ਦੇ ਘੱਟੋ-ਘੱਟ ਖ਼ਰੀਦ ਮੁੱਲ ਮਿੱਥ ਰਹੀ ਹੈ, ਪਰ ਆਰਡੀਨੈਂਸਾਂ ਵਿੱਚ ਕਿਤੇ ਇਸ ਗੱਲ ਦਾ ਜ਼ਿਕਰ ਨਹੀਂ ਕਿ ਭਾਰਤ ਸਰਕਾਰ ਆਪਣੀ ਇਹ ਜ਼ਿੰਮੇਵਾਰੀ ਜਾਰੀ ਰੱਖੇਗੀ।

ਸੁਖਦੇਵ ਸਿੰਘ ਢੀਂਡਸਾ ਨੇ ਕਿਹਾ ਕਿ ਉਨ੍ਹਾਂ ਦੀ ਪਾਰਟੀ ਰਾਜਾਂ ਨੂੰ ਵਧੇਰੇ ਅਧਿਕਾਰ ਦੇਣ ਦੀ ਹਾਮੀ ਹੈ ਤੇ ਦੇਸ਼ ਦੇ ਫੈਡਰਲ ਢਾਂਚੇ ਨੂੰ ਮਜ਼ਬੂਤ ਹੁੰਦਾ ਵੇਖਣਾ ਚਾਹੁੰਦੀ ਹੈ। ਉਨ੍ਹਾਂ ਕਿਹਾ ਕਿ ਖੇਤੀ ਵਿਧਾਨ ਅਨੁਸਾਰ ਰਾਜਾਂ ਦੇ ਅਧਿਕਾਰ ਹੇਠ ਹੈ, ਜਿਸ 'ਤੇ ਕੇਂਦਰ ਨੂੰ ਕੋਈ ਕਾਨੂੰਨ ਬਣਾਉਣ ਦਾ ਅਧਿਕਾਰ ਨਹੀਂ ਤੇ ਨਾ ਕੇਂਦਰ ਨੂੰ ਠੇਕੇ ਬਾਰੇ ਕੋਈ ਕਾਨੂੰਨ ਬਣਾਉਣ ਦਾ ਅਧਿਕਾਰ ਹੈ। ਉਨ੍ਹਾਂ ਕਿਹਾ ਕਿ ਖੇਤੀ ਖੇਤਰ ਸਬੰਧੀ ਕੇਂਦਰ ਵੱਲੋਂ ਪਾਸ ਕੀਤੇ ਇਹ ਆਰਡੀਨੈਂਸ ਗ਼ੈਰ-ਵਿਧਾਨਕ ਵੀ ਹਨ। ਉਨ੍ਹਾਂ ਕਿਹਾ ਕਿ ਇਨ੍ਹਾਂ ਆਰਡੀਨੈਂਸਾਂ ਕਾਰਨ ਦੇਸ਼ ਦੇ ਕਿਸਾਨ ਦੀ ਸਮਾਜਿਕ ਆਰਥਿਕਤਾ ਤਬਾਹ ਹੋ ਜਾਵੇਗੀ।







## ਕਾਮਿਆਂ ਦੀ ਲੋੜ

ਨਰਸਰੀ ਵਿੱਚ ਕੰਮ ਕਰਨ ਲਈ ਬੰਦਿਆਂ ਦੀ ਲੋੜ ਹੈ। ਰੋਜਾਨਾ ਕੰਮ ਅਤੇ ਚੰਗੀ ਪੇਅ ਦਿੱਤੀ ਜਾਵੇਗੀ। ਰਾਈਡ ਦੀ ਵੀ ਪੂਰਾ ਪ੍ਰਬੰਧ ਹੈ।
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:

**647-764-3637**


# ਭਾਈ ਤਾਰੂ ਸਿੰਘ ਦੀ ਸ਼ਹੀਦੀ ਬਾਰੇ ਸਿਰਸਾ ਵੱਲੋਂ ਗ਼ਲਤ-ਬਿਆਨੀ

ਨਵੀਂ ਦਿੱਲੀ, 29 ਜੁਲਾਈ, (ਪੋਸਟ ਬਿਊਰੋ)- ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਨੇ ਇੱਕ ਲਾਈਵ ਟੈਲੀਵਿਜ਼ਨਸ਼ੋਅ ਦੌਰਾਨ ਸਿੱਖ ਇਤਿਹਾਸ ਤੋੜ-ਮਰੋੜ ਕੇ ਪੇਸ਼ ਕੀਤਾ ਅਤੇ ਭਾਈ ਤਾਰੂ ਸਿੰਘ ਦੀ ਸ਼ਹਾਦਤ ਬਾਰੇ ਗਲਤ ਬਿਆਨਬਾਜ਼ੀ ਕਰ ਦਿੱਤੀ ਹੈ, ਜਿਸ ਦੀ ਕਈ ਪਾਸਿਓਂ ਨਿੰਦਾ ਹੋਈ ਹੈ।

ਇਸ ਬਾਰੇ ਦਿੱਲੀ ਗੁਰਦੁਆਰਾ ਕਮੇਟੀ ਦੇ ਸਾਬਕਾ ਪ੍ਰਧਾਨ ਹਰਵਿੰਦਰ ਸਿੰਘ ਸਰਨਾ ਨੇ ਕਿਹਾ ਹੈ ਕਿ ਖਬਰਾਂ ਵਿੱਚ ਬਣੇ ਰਹਿਣ ਦੀ ਇੱਛਾ ਦਾ ਕੀੜਾ ਮਨਜਿੰਦਰ ਸਿੰਘ ਸਿਰਸਾ ਕੱਟਦਾ ਰਹਿੰਦਾ ਹੈ ਤੇ ਇਸ ਵਾਰ ਉਨ੍ਹਾਂ ਨੇ ਭਾਈ ਮਨੀ ਸਿੰਘ ਤੇ ਭਾਈ ਤਾਰੂ ਸਿੰਘ ਦੀ ਸ਼ਹਾਦਤ ਨੂੰ ਕੌਮੀ ਟੈਲੀਵਿਜ਼ਨ ਉੱਤੇ ਆਪਸ ਵਿੱਚ ਬਦਲ ਦਿੱਤਾ ਹੈ। ਉਨ੍ਹਾਂ ਨੇ ਸਮਾਚਾਰ ਚੈਨਲ ਉੱਤੇ ਭਾਈ ਤਾਰੂ ਸਿੰਘ ਬਾਰੇ ਕਿਹਾ ਕਿ ਉਨ੍ਹਾਂ ਨੂੰ ਬੰਦ-ਬੰਦ ਕੱਟ ਕੇ ਸ਼ਹੀਦ ਕੀਤਾ ਗਿਆ ਸੀ। ਦਿੱਲੀ ਕਮੇਟੀ ਦੇ ਪ੍ਰਧਾਨ ਸਿਰਸਾ ਨੂੰ ਪਤਾਨਹੀਂ ਕਿ ਜੱਲਾਦਾਂ ਨੇ ਭਾਈ ਤਾਰੂ ਸਿੰਘ ਦੀ ਖੋਪੜੀ ਰੰਬੀਆਂ ਨਾਲ ਉਤਾਰੀ ਸੀ। ਸਿਰਸਾ ਦੇ ਲਈ ਸਿੱਖ ਇਤਿਹਾਸ ਅਤੇ ਸ਼ਹਾਦਤਾਂ ਸਿਰਫ਼



ਕਥਾ ਕਹਾਣੀਆਂ ਹਨ।ਦਿੱਲੀ ਅਕਾਲੀ ਦਲ ਦੇ ਜਨਰਲ ਸਕੱਤਰ ਸਰਦਾਰ ਹਰਵਿੰਦਰ ਸਿੰਘ ਸਰਨਾ ਨੇ ਕਿਹਾ ਕਿ ਸਿਰਸਾ ਸ਼ਹੀਦਾਂ ਦੀ ਸ਼ਹਾਦਤ ਨੂੰ ਤੋੜ-ਮਰੋੜ ਕੇ ਬਿਆਨਬਾਜ਼ੀ ਕਰਦੇ ਹਨ। ਉਨ੍ਹਾ ਕਿਹਾ ਕਿ ਸਿਰਸਾ ਨੂੰ ਕੋਈ ਫ਼ਰਕ ਨਹੀਂ ਪੈਂਦਾ ਕਿ ਉਹ ਸ੍ਰੀ ਗੁਰੂ ਅਰਜਨ ਸਾਹਿਬ ਦੀ ਸ਼ਹਾਦਤ ਨੂੰ ਤੋੜ-ਮਰੋੜ ਕੇ ਪੇਸ਼ ਕਰਨ ਜਾਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹੀਦੀਤੋਂ ਪਹਿਲਾਂ ਉਨ੍ਹਾਂ ਦੇ ਦਹੀਂ ਨਾਲ ਇਸ਼ਨਾਨ ਕਰਨ ਦੀ ਮਨਘੜਤ ਕਥਾ ਸੁਣਾ ਦੇਣ ਅਤੇ ਗੁਰੂ ਹਰਕ੍ਰਿਸ਼ਨ ਪਾਤਸ਼ਾਹ ਨੂੰ 'ਹੋਮ ਕੁਆਰੰਟੀਨ' ਵਿੱਚ ਭੇਜਣ ਦੀ ਗੱਲ ਵੀ ਉਨ੍ਹਾਂ ਲਈ ਅਰਥਨਹੀਂ ਰੱਖਦੀ। ਉਹ ਆਪਣੇ ਅਖਬਾਰੀ ਕਾਲਮ ਵਿੱਚ ਬਾਬਾ ਬਕਾਲਾ ਤੇ ਗੁਰੂ ਗੋਬਿੰਦ ਸਿੰਘ ਦੀ ਜੀਵਨੀ ਨੂੰ ਸਿੱਖ ਇਤਿਹਾਸ ਤੋਂ ਗਾਇਬ ਕਰ ਚੁੱਕੇ ਅਤੇ ਗੁਰਬਾਣੀ ਦੇ ਸਲੋਕਾਂ ਨੂੰ ਗਲਤ ਪੇਸ਼ ਕਰਦੇ ਹਨ। ਉਨ੍ਹਾਂ ਕਿਹਾ ਕਿ ਸਿਰਸਾ ਨੂੰ ਅਕਾਲ ਤਖਤ ਵੱਲੋਂ ਉਸ ਉੱਤੇ ਸਿੱਖ ਇਤਿਹਾਸ, ਧਰਮ ਅਤੇ ਗੁਰਬਾਣੀ ਉੱਤੇ ਬੋਲਣ ਦੀ ਰੋਕ ਦੀ ਵੀ ਕੋਈ ਪਰਵਾਹ ਨਹੀਂ!

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਇੱਕ ਹੋਰ ਸਾਬਕਾ ਪ੍ਰਧਾਨ ਮਨਜੀਤ ਸਿੰਘ ਜੀ ਕੇ ਨੇ ਵਿਅੰਗ ਕੱਸਦੇ ਹੋਏ ਕਿਹਾ ਕਿ ਮਨਜਿੰਦਰ ਸਿੰਘ ਸਿਰਸਾ ਨੂੰ ਪ੍ਰਧਾਨ ਬਣੇ ਨੂੰ ਓਨੇ ਮਹੀਨੇ ਨਹੀਂ ਹੋਏ, ਜਿੰਨੀਆਂ ਉਨ੍ਹਾਂ ਨੇ ਸਿੱਖ ਇਤਿਹਾਸ ਤੇ ਮਰਿਆਦਾ ਬਾਰੇ ਗਲਤੀਆਂ ਕੀਤੀਆਂ ਹਨ ਤੇ ਇਸਦੀ ਜ਼ਿੰਮੇਵਾਰੀ ਧਰਮ ਪ੍ਰਚਾਰ ਕਮੇਟੀ ਦੀ ਵੀ ਹੈ, ਕਿਉਂਕਿ ਬਹੁਤੀ ਗਲਤ ਬਿਆਨੀ ਦਿੱਲੀ ਗੁਰਦ-ਆਰਾ ਕਮੇਟੀ ਦੀ ਸਟੇਜ ਤੋਂਹੋਈ ਹੈ। ਸਿਰਸਾ ਵਲੋਂ ਬੀਤੇ ਮੰਗਲਵਾਰ ਨਿਊਜ਼ ਚੈਨਲਤੋਂ ਭਾਈ ਤਾਰੂ ਸਿੰਘ ਦਾ ਇਤਿਹਾਸ ਵਿਗਾੜਨ ਨੂੰ ਸ਼ਰਮਨਾਕ ਦੱਸ ਕੇ ਮਨਜੀਤ ਸਿੰਘ ਜੀ ਕੇ ਨੇ ਕਿਹਾ ਕਿ ਖਾਲਸਾ ਸਕੂਲ ਵਿੱਚ ਪੜ੍ਹਦੇ ਬੱਚਿਆਂ ਨੂੰ ਸਿਰਸਾ ਤੋਂਵੱਧ ਸਿੱਖ ਇਤਿਹਾਸਪਤਾ ਹੈ ਅਤੇ ਸਿਰਸਾ ਦਰਜਨਾਂ ਗਲਤੀਆਂ ਕਰਨ ਤੇ ਜਥੇਦਾਰ ਵਲੋਂ ਚਿਤਾਵਨੀ ਦੇ ਬਾਵਜੂਦ ਰੋਜ਼ ਕੌਮ ਦਾ ਮਜ਼ਾਕ ਉਡਾ ਰਹੇ ਹਨ। ਇਸ ਦੀ ਸਭ ਤੋਂ ਵੱਡੀ ਮਿਸਾਲ ਗੁਰਦੁਆਰਾ ਕਮੇਟੀ ਵਲੋਂ ਇੰਡੀਆ ਗੇਟ ਵਿੱਚ ਕਰਵਾਏ ਸਮਾਗਮ ਦੌਰਾਨ ਕੁਰਸੀ ਉੱਤੇ ਬੈਠ ਕੇ ਬੂਟ ਪਾ ਕੇ ਕੀਰਤਨ ਸੁਣਨ ਵਾਲੀ ਸੀ।


ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ
ਅਵਤਾਰ ਸਿੰਘ ਟਿਵਾਣਾ




- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection

Avtar Singh Tiwana
Sales Representative
Tel: 905.793.5777
416.802.5866
31 Melanie Dr. Unit #4 Brampton, ON L6T 5H8




2645 KIPLING AVE
ਬਹੁਤ ਹੀ ਵਧੀਆ ਲੋਕੇਸ਼ਨ ਤੇ 2 ਬੈਡਰੂਮ ਅਤੇ 2 ਵਾਸ਼ਰੂਮ ਦਾ ਕਾਂਡੋ, ਸਾਰਾ ਘਰ ਰੈਨੋਵੇਟਡ, ਬਹੁਤ ਸਾਰੀ ਸਟੋਰੇਜ ਲਈ ਥਾਂ, ਪਹਿਲੀ ਵਾਰ ਘਰ ਖਰੀਦਣ ਵਾਲਿਆਂ ਲਈ ਸੁਨਹਿਰੀ ਮੌਕਾ ਹੈ। ਬਹੁਤ ਸਾਰੀ ਬਾਹਰੋ ਰੋਸ਼ਨੀ ਘਰ ਦੇ ਅੰਦਰ ਆਉਂਦੀ ਹੈ। ਬਹੁਤ ਹੀ ਚੰਗੀ ਤਰ੍ਹਾਂ ਮੈਨਟੇਨ ਕੀਤਾ ਘਰ ਹੈ। ਬਸ ਸਟਾਪ, ਏਅਰਪੋਰਟ, ਸਕੂਲ ,ਹਾਈਵੇ ਆਦਿ ਸਹੂਲਤਾਂ ਦੇ ਨੇੜੇ ਹੈ ।




VAUGHAN
ਬਹੁਤ ਹੀ ਵਧੀਆ ਲੋਕੇਸ਼ਨ ਤੇ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ, ਵਧੀਆ ਚਲ ਰਿਹਾ ਬਿਊਟੀ ਸੈਲੂਨ। ਰੈਂਟ ਸਿਰਫ $3324/ਮਹੀਨਾ।




Bovaird/Worthington
8 ਬੈਡਰੂਮ, 4 ਵਾਸ਼ਰੂਮ ਦਾ ਡਬਲ ਸਟੋਰੀ ਦੇ ਡਿਟੈਚਡ ਘਰ । ਸੇਪਰੇਟ ਲਿਵਿੰਗ ਤੇ ਡਾਇਨਿੰਗ ਰੂਮ, ਸਟੇਨਲੈਸ ਸਟੀਲ ਅਪਲਾਇੰਸਸ, ਸਕੂਲ, ਬਸਾਂ ਆਦਿ ਦੇ ਨੇੜੇ ।

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates



ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
CANADIAN GLASS AND WINDOW
SINGH (TOCHI)
416-454-3031
647-784-8240
Email: tochisangha1@hotmail.com

BEST CANADIAN TRUCK & FORKLIFT TRAINING CENTRE
Registered as a Private Career College Under the Private Career College Act. 2005
Best Canadian Truck & Forklift Training Centre



- AZ Tractor trailer program
- Manual transmission & backup training everyday
- We welcome welfare workers & compensation clients

Open Seven Days

Forklift Re-Certification Only $79.00/-



Karnail Singh
416.670.3173 | 905.799.7333
27 Edvac Dr, Brampton, ON L6S 5X8

NEED A LAWYER ??
Red Seal NOTARY
KAUR LAW OFFICE



MANJEET KAUR
LL.B., (London UK)
Barrister, Solicitor & Notary Public

REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

IMMIGRATION
- Skilled Worker Category
- Spousal & Family Sponsorship
- Student Permits Visa & Renewals
- PR Renewal/ Citizenship Application

FAMILY LAWYER
- Child & Spousal support
- Custody & Access
- Divorce
- Equalization

BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits

WILLS & ESTATE
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

Steinmetz & Associates
PERSONAL INJURY LAWYERS



Harry Steinmetz
Certified as Specialist by the Law Society of Ontario in Civil Litigation
(with over 27yrs. of experience)



BOBBY SIDHU
partner
(Serving the Community for Over 16 yrs.)


ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?
ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ

ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।

ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੋਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।

If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust
You only pay upon settlement
GURSHARAN BOBBY SIDHU
647.539.3020
1450 Meyerside Drive, Suite 308, Mississauga
2 OFFICES TO SERVE YOU
55 St. Clair Ave., West, Toronto
email: bsidhu@steinmetzlawyers.ca website: www.steinmetzlawyers.ca

ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ




JF Insurance Agency Group Inc.
Specialized in Hospital and Medical Insurance for Visitors, Canadian Travellers and International Students since 1992

Join and Represent Us
- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

905-707-1512
905-707-1513
Molly@jfgroup.ca
Toronto Head Office: 15 wertheim court #501 Richmond Hill, ON L4B 3H7

# ਰੁੱਤ ਪਿਆਰ ਦੀ ਸਾਉਣ ਮਹੀਨਾ

-ਕੁਲਦੀਪ ਸਿੰਘ ਲੋਹਟ

ਸਾਉਣ ਮਹੀਨੇ ਦੀ ਵੱਖਰੀ ਮਹਾਨਤਾ ਹੈ। ਰੱਖੜੀ ਤੇ ਤੀਆਂ ਵਰਗੇ ਤਿਉਹਾਰ ਵੀ ਇਸ ਮਹੀਨੇ 'ਚ ਮਨਾਏ ਜਾਂਦੇ ਹਨ। ਤ੍ਰਿੰਞਣਾਂ 'ਤੇ ਧੀਆਂ-ਧਿਆਣੀਆਂ ਦੇ ਮੇਲ-ਜੋਲ, ਚਰਖੇ ਦੀ ਘੂਕ 'ਚ ਪੈਂਦੀਆਂ ਲੋਕ ਬੋਲੀਆਂ, ਹਾਸੇ ਠੱਠੇ, ਗਿੱਧਿਆਂ ਦੀ ਧਮਾਲ, ਤਿੱਪ-ਤਿੱਪ ਪੈਂਦੀ ਬਰਸਾਤ, ਘਰਾਂ ਵਿੱਚ ਪੱਕੇ ਮਾਲ ਪੂੜੇ ਤੇ ਖੀਰ ਦੇ ਸਵਾਦ ਦਾ ਇਤਿਹਾਸ ਵੀ ਸਾਉਣ ਦੀ ਬੁੱਕਲ 'ਚ ਛੁਪਿਆ ਹੋਇਆ ਹੈ। ਬਿਨਾਂ ਸ਼ੱਕ ਇਹ ਮਹੀਨਾ ਸਾਡੇ ਸਭਿਆਚਾਰ ਨਾਲ ਨਹੁੰ-ਮਾਸ ਵਾਂਗ ਜੁੜਿਆ ਹੋਇਆ ਹੈ। ਲੋਕ ਬੋਲੀਆਂ ਤੇ ਸਾਹਿਤਕ ਕਿਰਤਾਂ 'ਚ ਵੀ ਇਸ ਮਹੀਨੇ ਦੀ ਵਿਲੱਖਣਤਾ ਨੂੰ ਬਾਖੂਬੀ ਚਿਤਰਿਆ ਗਿਆ ਹੈ। ਪਿੰਡਾਂ ਦੀਆਂ ਸੱਥਾਂ ਵਿੱਚ ਪਿੱਪਲਾਂ 'ਤੇ ਪੀਂਘਾਂ ਝੂਟਦੀਆਂ ਮੁਟਿਆਰਾਂ ਇਕਸੁਰ ਹੋ ਕੇ ਬਾਬਲ ਦੀ ਪੱਗੜੀ ਤੇ ਵੀਰਾਂ ਦੀ ਰੱਖੜੀ ਦੀ ਸੁੱਖ ਲੋੜਦੀਆਂ ਤੇ ਖੁਸ਼ਹਾਲ ਜੀਵਨ ਦੇ ਕਈ ਹੋਰ ਸੁਫਨੇ ਸਾਕਾਰ ਕਰਨ ਲਈ ਰੱਬ ਅੱਗੇ ਅਰਜ਼ੋਈ ਕਰਦੀਆਂ ਹਨ।

ਧੀਆਂ-ਧਿਆਣੀਆਂ ਦਾ ਰਸਮੀ ਤਿਉਹਾਰ ਤੀਆਂ ਤਾਂ ਬਿਲਕੁਲ ਹੀ ਅਲੋਪ ਹੋ ਗਿਆ ਹੈ। ਸਾਉਣ ਮਹੀਨੇ ਦੇ ਰੀਤ-ਰਿਵਾਜ਼ ਅੱਜਕੱਲ੍ਹ ਟੀ ਵੀ, ਫਿਲਮਾਂ, ਸੀਰੀਅਲ ਜਾਂ ਸਟੇਜਾਂ ਤੱਕ ਸੀਮਿਤ ਰਹਿ ਗਏ ਹਨ। ਲੋਕ ਬੋਲੀਆਂ ਤੇ ਤ੍ਰਿੰਞਣਾਂ 'ਚ ਪੈਂਦੇ ਛਣਕਾਟੇ ਲਗਭਗ ਖਤਮ ਹੋ ਗਏ। ਜੇ ਥੋੜ੍ਹੀ-ਬਹੁਤੀ ਸ਼ਬਦੀ ਹੇਰ-ਫੇਰ ਹੈ ਤਾਂ ਅਜੋਕੇ ਪੰਜਾਬੀ ਗਾਇਕਾਂ ਦੇ ਗੀਤਾਂ 'ਚ ਸੁਣੀ ਜਾ ਸਕਦੀ ਹੈ। ਸਾਉਣ ਦੀ ਮਹਿਮਾ ਸਾਡੀ ਨਵੀਂ ਪੀੜ੍ਹੀ ਦੇ ਗਾਇਕਾਂ ਦੇ ਗੀਤਾਂ 'ਚੋਂ ਵਿਲੱਖਣ ਰੂਪ 'ਚ ਸੁਣਨ ਨੂੰ ਮਿਲਦੀ ਹੈ। ਸਾਉਣ ਤਿਉਹਾਰਾਂ ਦਾ ਮਹੀਨਾ ਹੈ, ਜਿਸ ਨੂੰ ਪੰਜਾਬੀ ਦੇ ਕਈ ਨਵੇਂ ਗੀਤਕਾਰਾਂ ਤੇ ਗਾਇਕਾਂ ਨੇ ਆਪਣੇ ਰੂਪ ਵਿੱਚ ਪੇਸ਼ ਕਰ ਕੇ ਪੰਜਾਬਣ ਮੁਟਿਆਰ ਦੇ ਜੀਵਨ ਦਾ ਵੱਖਰਾ ਬਿੰਬ ਸਿਰਜ ਦਿੱਤਾ ਹੈ। ਸਭਿਆਚਾਰਕ ਗੀਤਾਂ ਦੀ ਖੁਸ਼ਬੋ ਵੰਡਣ ਵਾਲੇ ਉਚੇ ਅਤੇ ਸੁਰੀਲੇ ਗਾਇਕ ਨਛੱਤਰ ਛੱਤੇ ਵੱਲੋਂ ਗਾਏ ਗੀਤ 'ਰੁੱਤ ਪਿਆਰ ਦੀ' ਦੀ ਪੰਜਾਬੀ ਗੀਤ-ਸੰਗੀਤ ਵਿੱਚ ਦਹਾਕਿਆਂ ਮਗਰੋਂ ਵੀ ਨਿਵੇਕਲੀ ਪਛਾਣ ਸਥਾਪਤ ਹੈ। ਇਸ ਗੀਤ ਦੀ ਪ੍ਰਸਿੱਧੀ ਤੋਂ ਪ੍ਰਭਾਵਤ ਕਈ ਨਵੇਂ ਗਾਇਕਾਂ ਨੇ ਆਪਣੇ ਗੀਤਾਂ ਵਿੱਚ ਸਾਉਣ ਦਾ ਜ਼ਿਕਰ ਛੇੜ ਕੇ ਪੰਜਾਬੀ ਗੀਤ-ਸੰਗੀਤ ਦੀ ਸੁੱਕਦੀ ਕਿਆਰੀ ਨੂੰ ਹਰਾ-ਭਰਾ ਕਰ ਲਿਆ। ਬਿਨਾਂ ਸ਼ੱਕ ਸਾਉਣ 'ਤੇ ਲਿਖੇ ਗੀਤਾਂ ਨੂੰ ਲੋਹੜੇ ਦਾ ਮਾਣ ਮਿਲਿਆ। ਨਵੀਂ ਪੀੜ੍ਹੀ ਦੇ ਗਵੱਈਆਂ 'ਚੋਂ ਇਹ ਪਿਰਤ ਸੁਰੀਲੇ ਤੇ ਹੋਣਹਾਰ ਗਾਇਕ ਮਨਮੋਹਣ ਵਾਰਿਸ ਨੇ ਅੱਗੇ ਤੋਰੀ। ਉਸ ਨੇ ਢਾਡੀ ਅਮਰ ਸਿੰਘ ਸ਼ੌਕੀ ਦੀ ਰਚਨਾ ਨੂੰ ਆਵਾਜ਼ ਨੂੰ ਆਵਾਜ਼ ਦੇ ਕੇ ਆਪਣੇ ਆਪ ਨੂੰ ਪੱਕੇ ਪੈਰੀਂ ਸਥਾਪਤ ਕਰ ਲਿਆ ਤੇ ਵਾਰਿਸ ਸੱਚਮੁੱਚ ਹੀ ਲੋਕ ਗਾਇਕੀ ਦਾ ਵਾਰਿਸ ਹੋ ਨਿਬੜਿਆ। ਇਸ ਗੀਤ 'ਚ ਵੀ ਸਾਉਣ ਦਾ ਵਿਸ਼ੇਸ਼ ਰੂਪ ਵਿੱਚ ਜ਼ਿਕਰ ਹੈ :

ਸਾਵਣ ਆਇਆ ਤੀਆਂ ਆਈਆਂ  
ਪਿੱਪਲਾਂ ਦੇ ਨਾਲ ਪੀਂਘਾਂ ਪਾਈਆਂ  
'ਕੱਠੀਆਂ ਹੋ ਨਣਦਾਂ ਭਰਜਾਈਆਂ,  
ਇੱਕ ਦੂਜੀ ਨੂੰ ਕਹਿੰਦੀ,  
ਨੀਂ ਆ ਜੀ ਭਾਬੀ ਝੂਟ ਲੈ  
ਪੀਂਘ ਹੁਲਾਰੇ ਲੈਂਦੀ।

ਇਸ ਗੀਤ ਦੀ ਸਫਲਤਾ ਪਿੱਛੋਂ ਬਲਕਾਰ ਸਿੱਧੂ ਨੇ 'ਭਿੱਜ ਗਈਆਂ ਨਣਾਨੇ ਪੂਣੀਆਂ' ਨੂੰ 'ਚਰਖੇ' ਨਾਂਅ ਨਾਲ ਆਈ ਕੈਸਿਟ 'ਚ ਪੇਸ਼ ਕੀਤਾ। ਇਸ ਗੀਤ 'ਚ ਵੀ ਸਾਉਣ ਦਾ ਜ਼ਿਕਰ ਛਿੜਦਾ ਹੈ :

ਰੁੱਤ ਪਿਆਰ ਦੀ, ਸਾਉਣ ਮਹੀਨਾ  
ਬਿਨ ਮਾਹੀ ਦੇ ਕਾਹਦਾ ਜੀਣਾ  
ਨਸ਼ਾ ਪਿਆਰ ਦਾ ਚੜ੍ਹਿਆ ਨੀਂ  
ਮੇਰਾ ਧੱਕ-ਧੱਕ ਸੀਨਾ ਧੜਕੇ,  
ਭਿੱਜ ਗਈਆਂ ਨਣਾਨੇ ਪੂਣੀਆਂ,  
ਬਾਹਰੇ ਭਿੱਜ ਗਏ ਚਰਖੇ,  
ਭਿੱਜ ਗਈਆਂ ਨਣਾਨੇ ਪੂਣੀਆਂ।

ਇਸ ਗੀਤ ਦੇ ਸਫਲ ਹੋਣ ਮਗਰੋਂ ਕਈ ਗਾਇਕਾਂ ਨੇ ਸਾਉਣ ਮਹੀਨੇ ਦੀ ਉਪਮਾ ਕਰਦਿਆਂ ਸ਼ਬਦਾਂ ਨੂੰ ਖੂਬਸੂਰਤ ਆਵਾਜ਼ ਦੇਣ ਦਾ ਯਤਨ ਕੀਤਾ ਹੈ। ਕਈ ਨਵੇਂ ਲਿਖਾਰੀਆਂ ਨੇ ਸਾਉਣ ਦੇ ਨਜ਼ਾਰੇ ਨੂੰ ਭਾਵ ਪੂਰਨ ਰੂਪ ਵਿੱਚ ਪੇਸ਼ ਕੀਤਾ ਹੈ। ਸਾਉਣ ਮਹੀਨੇ ਪੈਂਦੀ ਬਰਸਾਤ ਨੂੰ ਕਾਲਾ ਨਿਜ਼ਾਮਪੁਰੀ ਬੜੀ ਸੁੰਦਰਤਾ ਨਾਲ ਰੂਪਮਾਨ ਕਰਦਾ ਹੈ :

ਸਾਉਣ ਦਾ ਮਹੀਨਾ ਹੋਵੇ,  
ਪੈਂਦੀ ਬਰਸਾਤ ਹੋਵੇ,  
ਸੱਜਣਾ ਨੇ ਆਉਣਾ ਹੋਵੇ  
ਪਹਿਲੀ ਮੁਲਾਕਾਤ ਹੋਵੇ,  
ਇੱਕ ਦੂਜੇ ਨੂੰ ਸੁਣਾਈਏ ਹਾਲ ਦਿਲ ਦਾ  
ਇਹੋ ਜਿਹਾ ਨਜ਼ਾਰਾ ਮਿੱਤਰੋ  
ਜ਼ਿੰਦਗੀ 'ਚ ਕਦੀ-ਕਦੀ ਮਿਲਦਾ।

ਸਾਬਰਕੋਟੀ ਵੱਲੋਂ ਗਾਏ ਇਸ ਗੀਤ ਦੇ ਚਰਚਾ ਖੱਟਣ ਤੋਂ ਬਾਅਦ ਕਈ ਚਰਚਿਤ ਤੇ ਉਭਰਦੀਆਂ ਕਲਮਾਂ ਨੇ ਵੀ ਲਿਖਤਾਂ ਦਾ ਰੁਖ਼ ਸਾਉਣ ਵੱਲ ਮੋੜ ਲਿਆ। ਬੱਬੂ ਮਾਨ ਨੇ ਪੰਜਾਬੀ ਗੀਤਾਂ 'ਚ ਸਾਉਣ 'ਤੇ ਪੱਕੀ ਮੋਹਰ ਲਾ ਦਿੱਤੀ। ਮਜਾਜ਼ੀ ਇਸ਼ਕ ਦੀ ਪੈੜ ਦੱਬਦਿਆਂ ਮਾਨ ਨੇ ਦੋ ਰੂਹਾਂ ਦੇ ਮਿਲਾਪ ਨੂੰ ਇੰਝ ਪੇਸ਼ ਕੀਤਾ ਹੈ :

ਸਾਉਣ ਦੀ ਝੜੀ ਨੀਂ ਲੱਗੀ  
ਸਾਉਣ ਦੀ ਝੜੀ,  
ਮੈਂ ਵੀ ਚੜ੍ਹਾਂ ਕੋਠੇ, ਤੂੰ ਵੀ ਛੱਤ 'ਤੇ ਚੜ੍ਹੀ,  
ਮੇਰੇ ਦਿਲ ਵਿੱਚ ਆਏ ਖਿਆਲ  
ਨੱਚਣੇ ਨੂੰ ਜੀ ਕਰਦਾ,  
ਸਾਉਣ ਦੀ ਝੜੀ ਦੇ ਵਿੱਚ ਤੇਰੇ ਨਾਲ  
ਨੱਚਣ ਨੂੰ ਜੀ ਕਰਦਾ।

ਜਦੋਂ ਸਾਉਣ ਦੀ ਝੜੀ 'ਚ ਸੱਜਣਾਂ ਨਾਲ ਨੱਚਣ ਦੇ ਸੁਫਨੇ ਸੱਚ ਹੋ ਜਾਣ, ਦੋ ਦਿਲਾਂ ਦਾ ਵਾਸਾ ਇੱਕ ਹੋ ਜਾਵੇ ਤਾਂ ਫਿਰ ਨਵੀਂ ਜ਼ਿੰਦਗੀ ਦੀ ਆਰੰਭਤਾ ਹੁੰਦੀ ਹੈ। ਮੁਹੱ-ਬਤ ਦੀਆਂ ਪੀਂਘਾਂ ਝੂਟਦੀ ਮੁਟਿਆਰ ਚਾਅ-ਚਾਅ 'ਚ ਹਾਣ ਦੇ ਮੁੰਡੇ ਨਾਲ ਨੱਚ ਤਾਂ ਬੈਠਦੀ ਹੈ ਤੇ ਸਾਉਣ ਦੇ ਛਰਾਟਿਆਂ 'ਚ ਭਿੱਜੀ ਤੇ ਨਵੇਂ ਰਿਸ਼ਤਿਆਂ ਦੀ ਤੰਦ ਗੰਢਦੀ ਹੋਈ ਕੀ ਆਖਦੀ ਹੈ, ਬਲਵੀਰ ਬੋਪਾਰਾਏ ਅਨੁਸਾਰ :

ਸਾਉਣ ਦੇ ਛੱਰਾਟਿਆਂ 'ਚ ਭਿੱਜਗੀ  
ਵੇ ਮੈਨੂੰ ਛਤਰੀ ਦੇ ਹੇਠ ਲੁਕਾ ਲੈ।

ਸਾਉਣ ਮਹੀਨੇ ਤਿੱਪ-ਤਿੱਪ ਪੈਂਦੀਆਂ ਕਣੀਆਂ ਵਿੱਚ ਜੇ ਕਿਸੇ ਖੁਸ਼ਨਸੀਬ ਨੂੰ ਆਪਣੇ ਮਹਿਬੂਬ ਦੇ ਦਰਸ਼-ਦੀਦਾਰ ਕਰਨ ਦਾ ਮੌਕਾ ਮਿਲ ਜਾਵੇ ਤਾਂ ਬਰਸਾਤ ਦੇ ਖੁਸ਼ਗਵਾਰ ਮੌਸਮ ਵਾਂਗ ਬੇਈਮਾਨ ਹੋਇਆ ਦਿਲ ਸਾਉਣ ਦੇ ਛਰਾਟਿਆਂ ਵਿੱਚ ਭਿੱਜੀ ਮੁਟਿਆਰ ਦੀ ਛਤਰੀ ਹੇਠ ਲੁਕਾਉਣ ਦੇ ਜਜ਼ਬਾਤ ਦਾ ਪ੍ਰਗਟਾਵਾ ਕੁਝ ਇਸ ਤਰ੍ਹਾਂ ਕਰਦਾ ਹੈ :

ਸਾਉਣ ਦਾ ਮਹੀਨਾ ਪੈਣ ਬਾਰਸ਼ਾਂ  
ਦਿਲਾਂ ਨੂੰ ਦਿਲਾਂ ਦੀ ਗੱਲ ਕਹਿਣ ਦੇ  
ਅੱਖੀਆਂ ਨਾਲ ਗੱਲ ਕਰ ਸੋਹਣਿਆਂ,  
ਬੁੱਲ੍ਹੀਆਂ ਦੇ ਬੂਹੇ ਬੰਦ ਰਹਿਣ ਦੇ।

ਸਾਉਣ ਮਹੀਨੇ ਛਿੜੀ ਇਸ਼ਕ ਕਹਾਣੀ ਜਦੋਂ ਪੌੜੀ ਦੇ ਅਖੀਰਲੇ ਡੰਡੇ 'ਤੇ ਚੜ੍ਹ ਜਾਂਦੀ ਹੈ ਤਾਂ ਠਾਠਾਂ ਮਾਰਦੀ ਜਵਾਨੀ ਤ੍ਰਿੰਞਣ 'ਚ ਪੀਂਘ ਝੂਟਣ ਵੇਲੇ ਸਰਹੱਦਾਂ 'ਤੇ ਦੇਸ਼ ਦੀ ਰਾਖੀ ਲਈ ਗਏ ਮਾਹੀ ਦੇ ਵਿਯੋਗ ਦਾ ਇੰਤਜ਼ਾਰ ਕਿਵੇਂ ਕਰਦੀ ਹੈ :

ਸਾਉਣ ਦੀਆਂ ਝੜੀਆਂ ਵੇ ਫੌਜੀਆ  
'ਕੱਲੀ ਤੋਂ ਲੰਘਾਈਆਂ ਨਹੀਂ ਜਾਣੀਆਂ।

ਇਸ ਤਰ੍ਹਾਂ ਇੱਕ ਨਹੀਂ ਅਨੇਕਾਂ ਗੀਤ ਹਨ, ਜਿਨ੍ਹਾਂ ਵਿੱਚ ਸਾਉਣ ਦਾ ਅਹਿਸਾਸ ਸੁਣਨ ਨੂੰ ਮਿਲਦਾ ਹੈ। ਸਾਰੇ ਗੀਤਾਂ ਦਾ ਜ਼ਿਕਰ ਕਰਨਾ ਕਾਫੀ ਮੁਸ਼ਕਲ ਹੈ। ਸਮੇਂ ਦੀ ਤਬਦੀਲੀ ਨਾਲ ਮਾਰਕੀਟ 'ਚ ਆਏ ਇਨ੍ਹਾਂ ਗੀਤਾਂ ਵਿੱਚ ਸਾਉਣ ਮਹੀਨੇ ਜੁੜਦੇ ਰਿਸ਼ਤਿਆਂ ਦੀ ਰੁਮਾਂਟਿਕਤਾ, ਭਾਵੁਕਤਾ ਅਤੇ ਵਿਛੋੜੇ ਦਾ ਖੁੱਲ੍ਹਮ-ਖੁੱਲ੍ਹਾ ਅਹਿਸਾਸ ਸੁਣਨ ਨੂੰ ਮਿਲਿਆ। ਤੀਆਂ ਦੇ ਰਵਾਇਤੀ ਤਿਉਹਾਰ ਦੇ ਅਲੋਪ ਹੋਣ ਮਗਰੋਂ ਗੀਤਾਂ 'ਚੋਂ ਹੀ ਸਾਉਣ ਦੀ ਚਰਚਾ ਸੁਣਨ ਨੂੰ ਮਿਲੀ ਹੈ। ਬਿਨਾਂ ਸ਼ੱਕ ਸਾਉਣ ਸਾਡੇ ਅੱਜ ਦੇ ਗਾਇਕਾਂ ਦੀ ਸੁੱਕਦੀ ਕਿਆਰੀ ਨੂੰ ਹਰਾ-ਭਰਾ ਰੱਖਣ 'ਚ ਵੀ ਸਫਲ ਹੋਇਆ ਹੈ। ਗਾਇਕਾਂ ਨੂੰ ਪੰਜਾਬੀ ਮਾਂ-ਬੋਲੀ ਦੇ ਵਿਹੜੇ ਵਿੱਚ ਖਿੜੇ ਸਭਿਆਚਾਰਕ ਫੁੱਲਾਂ ਨੂੰ ਹਰਾ-ਭਰਾ ਬਣਾ ਕੇ ਰੱਖਣ ਦੀ ਲੋੜ ਹੈ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| **Founder Editor** | Jagdish Singh Grewal |
| **Managing Director** | Parminder Kaur Grewal |
| **Contributing Editors** | Gyan Singh; Angrej Singh |
| **Office Admin** | Priya Dhillon |
| **Graphic Designer** | Priya Dhillon |
| **Photographer** | Kanwaljit Singh Kanwal |
| **Distributer** | Aman Warraich |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

jobs! jobs! jobs! jobs! jobs!

DUNDAS·JAFINE

HELP WANTED
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ। ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Rd., Brampton

ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com

ਕਾਮਿਆਂ ਦੀ ਲੋੜ

ਫਾਰਮ ਵਿੱਚ ਕੰਮ ਕਰਨ ਲਈ ਕਾਮਿਆਂ ਦੀ ਤੁਰੰਤ ਜਰੂਰਤ ਹੈ । ਮਟਰ ਤੋੜਨ ਲਈ ਬੀਬੀਆਂ ਦੀ ਵੀ ਲੋੜ ਹੈ। ਪੀਕ ਅਪ ਅਤੇ ਡਰਾਪ ਆਫ ਦਾ ਵੀ ਪੂਰਾ ਪ੍ਰਬੰਧ ਹੈ।
ਵਧੇਰੇ ਜਾਣਕਰੀ ਲਈ ਸੰਪਰਕ ਕਰੋ:
ਸੂਬੇਦਾਰ ਗਰੇਵਾਲ
647-400-0060
ਜਾਂ ਬਲਬੀਰ
289-541-5384



## ਮਿੰਨੀ ਕਹਾਣੀ

### ਮਿਠਾਸ

-ਅਨੂਪ ਮਣੀ ਤ੍ਰਿਪਾਠੀ-

''ਤੂੰ ਸੁਣਦਾ ਕਿਉਂ ਨਹੀਂ।'' ਮਾਂ ਖਿੱਝ ਕੇ ਬੋਲੀ। ਬੇਟੇ ਨੇ ਕੋਈ ਜਵਾਬ ਨਹੀਂ ਦਿੱਤਾ।

''ਮੈਨੂੰ ਛੱਡ ਦੇ, ਤੂੰ ਜਾ।'' ਬੇਟਾ ਚੁੱਪ ਰਹਿੰਦਾ ਹੈ। ''ਮੈਂ ਹੁਣ ਹੋਰ ਕਿੰਨੇ ਦਿਨ ਜੀਵਾਂਗੀ, ਤੇਰੇ ਸਾਹਮਣੇ ਤਾਂ ਸਾਰੀ ਜ਼ਿੰਦਗੀ ਪਈ ਏ..'' ਬੇਟਾ ਆਪਣੇ ਮੱਥੇ ਦਾ ਪਸੀਨਾ ਪੂੰਝਦਾ ਹੈ।

''ਤੂੰ ਬਚਪਨ ਤੋਂ ਬਹੁਤ ਜਿੱਦੀ ਏਂ।'' ਮਾਂ ਬੁੜਬੁੜ ਕਰਦੀ ਹੋਈ ਕਹਿੰਦੀ ਹੈ, ''ਮੈਨੂੰ ਉਤਾਰ! ਬਹੁਤ ਹੋ ਚੁੱਕਾ।'' ਮਾਂ ਪੂਰੀ ਤਾਕਤ ਨਾਲ ਕਹਿੰਦੀ ਹੈ, ਪਰ ਬੇਟਾ ਅਣਸੁਣੀ ਕਰ ਦਿੰਦਾ ਹੈ।

''ਦੇਖ ਤੂੰ ਕਿੰਨਾ ਥੱਕ ਗਿਆ ਏਂ, ਮੇਰੇ ਬੱਚੇ, ਮੇਰੇ ਲਾਲ ਸੁਣ ਨਾ।'' ਮਾਂ ਦੁਖੀ ਮਨ ਨਾਲ ਕਹਿੰਦੀ ਹੈ। ਬੇਟਾ ਰੁਕ ਕੇ ਆਪਣਾ ਸੰਤੁਲਨ ਬਣਾਉਂਦਾ ਹੈ। ਫਿਰ ਅੱਗੇ ਤੁਰ ਪੈਂਦਾ ਹੈ।

''ਦੇਖ ਧੁੱਪ ਕਿੰਨੀ ਤੇਜ਼ ਹੈ। ਭੁੱਖ-ਪਿਆਸ ਨਾਲ ਦੋਵੇਂ ਮਾਰੇ ਜਾਵਾਂਗੇ।'' ਬੇਟਾ ਕੁਝ ਨਹੀਂ ਬੋਲਦਾ।

''ਮੇਰਾ ਰਾਜਾ ਪੁੱਤ! ਮੇਰਾ ਸੋਹਣਾ ਪੁੱਤ!'' ਮਾਂ ਲਾਡ ਲਡਾਉਂਦੀ ਕਹਿੰਦੀ ਹੈ। ਬੇਟਾ ਚੁੱਪ ਰਹਿੰਦਾ ਹੈ।

''ਇੰਝ ਤਾਂ ਅਸੀਂ ਦੋਵੇਂ ਮਰ ਜਾਵਾਂਗੇ। ਘੱਟ ਤੋਂ ਘੱਟ ਇੱਕ ਤਾਂ ਜੀ ਲਏ।'' ਇਹ ਕਹਿ ਕੇ ਮਾਂ ਚੁੱਪ ਹੋ ਗਈ।

''ਮਾਂ ਚੁੱਪ ਕਿਉਂ ਹੋ ਗਈ।'' ਬੇਟੇ ਨੇ ਕਿਹਾ।

''ਹੁਣ ਤਾਂ ਵੱਡਾ ਹੋ ਗਿਆ ਏਂ ਨਾ, ਮੇਰੀ ਗੱਲ ਨਹੀਂ ਸੁਣਦਾ।'' ਮਾਂ ਨੇ ਮੂੰਹ ਇੱਕ ਪਾਸੇ ਘੁਮਾ ਕੇ ਕਿਹਾ। ਬੇਟੇ ਨੇ ਕੋਈ ਜਵਾਬ ਨਾ ਦਿੱਤਾ।

''ਕਿੰਨੀ ਦੂਰ ਰਹਿ ਗਿਆ ਹੈ ਘਰ।'' ਮਾਂ ਨੇ ਖਿੱਝ ਕੇ ਪੁੱਛਿਆ।

''ਬੱਸ ਮਾਂ ਪਹੁੰਚਣ ਵਾਲੇ ਹਾਂ।''

''ਹੋਰ ਕਿੰਨੀ ਦੂਰ!!!''

''ਬੱਸ ਚਾਰ ਸੌ ਕਿਲੋਮੀਟਰ ਦੂਰ।'' ਇਹ ਸੁਣ ਕੇ ਮਾਂ ਚੁੱਪ ਹੋ ਜਾਂਦੀ ਹੈ। ਬੇਟਾ ਉਸ ਨੂੰ ਆਪਣੀ ਪਿੱਠ 'ਤੇ ਚੁੱਕੀ ਹੌਲੀ-ਹੌਲੀ ਅੱਗੇ ਵਧਦਾ ਹੈ।

''ਕੁਝ ਬੋਲ ਮਾਂ! ਬੋਲੇਂਗੀ ਨਹੀਂ ਤਾਂ ਰਸਤਾ ਕਿਵੇਂ ਕੱਟੇਗਾ।''

ਬੇਟਾ ਮੁਸਕਰਾਉਂਦਾ ਕਹਿੰਦਾ ਹੈ। ਮਾਂ ਬੋਲਣਾ ਚਾਹ ਰਹੀ ਹੈ, ਪਰ ਬੋਲ ਨਹੀਂ ਪਾ ਰਹੀ। ਬੱਸ ਅੱਖਾਂ ਵਿੱਚੋਂ ਵਹਿੰਦੇ ਅੱਥਰੂ ਬੋਲ ਰਹੇ ਹਨ।


**WAREHOUSE ORDER PICKER** (For a Food distribution company in Scarborough)

**Job Description:**
- Order picking and packing as well as stocking up of shelves.
- Contribute to daily inbound or outbound warehouse operations.
- Palletize and wrap skids, Organize warehouse space, Pick and load orders quickly and accurately and other duties as required.

**Requirements:**
- 2 positions, Preferred Experience - 2-3 yrs. in food wholesale/distribution warehouse. Students/New Immigrants Welcome.
- Capable of lifting up to 50lbs
- Able to speak English
- Full time/ Part time Monday - Friday
- Hourly Rate - Order Picker - $18 to $21, depending upon experience.

Please send your resumes by email at siva@srimi.com or by fax at +1 647-351-7157 or
Call Ram at +1 647-831-9149 (Morning) or Siva at +1 416-666-8525 (Evening).










GUNTAAS RADIO AM 530
Monday to Friday 10am to 11am
Jaswinder Kaur Taggar
jaswindertaggar3@yahoo.ca
647-765-2340 • For Marketing 647-656-6648



# ਸੋਸ਼ਲ ਮੀਡੀਆ ਦੀ ਦੁਰਵਰਤੋਂ ਦਾ ਚਲਨ

-ਡਾਕਟਰ ਸਤਿੰਦਰ ਸਿੰਘ-

ਸੋਸ਼ਲ ਮੀਡੀਆ ਮੌਜੂਦਾ ਦੌਰ ਵਿੱਚ ਸੰਚਾਰ ਅਤੇ ਸੂਚਨਾ ਦਾ ਸਭ ਤੋਂ ਤੇਜ਼ ਅਤੇ ਪ੍ਰਮੁੱਖ ਸਾਧਨ ਬਣ ਚੁੱਕਾ ਹੈ। ਪੂਰੇ ਵਿਸ਼ਵ ਵਿੱਚ ਇਹ ਮਨੁੱਖੀ ਜੀਵਨ ਦਾ ਅਨਿੱਖੜਵਾਂ ਅੰਗ ਬਣ ਗਿਆ ਹੈ। ਖਾਸ ਤੌਰ 'ਤ ਨੌਜਵਾਨ ਵਰਗ ਦੇ ਫੇਸਬੁਕ, ਟਵਿੱਟਰ, ਇੰਸਟਾਗ੍ਰਾਮ, ਸਨੈਪਚੈਟ, ਵਟਸਐਪ, ਯੂ ਟਿਊਬ ਅਤੇ ਅਨੇਕਾਂ ਹੋਰ ਸੋਸ਼ਲ ਸਾਈਟਾਂ ਤੋਂ ਬਿਨਾਂ ਰਹਿ ਸਕਣ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਅੱਜ ਕਿਸੇ ਵੀ ਜਨਤਕ ਸਥਾਨ ਜਾਂ ਸਮਾਜਕ ਇਕੱਠ 'ਚ ਜਾਓ ਤਾਂ ਹਰ ਇਨਸਾਨ ਦੇ ਹੱਥ ਵਿੱਚ ਸਮਾਰਟਫੋਨ, ਲੈਪਟਾਪ, ਟੈਬ, ਆਈਪੈਡ ਜਾਂ ਮਿੰਨੀ ਕੰਪਿਊਟਰ ਵਰਗੇ ਇਲੈਕਟ੍ਰੌਨਿਕ ਗੈਜੇਟ ਹੋਣਾ ਅਤੇ ਉਨ੍ਹਾਂ 'ਤੇ ਹੀ ਰੁੱਝੇ ਰਹਿਣਾ ਆਮ ਗੱਲ ਹੋ ਚੁੱਕੀ ਹੈ।

ਸੋਸ਼ਲ ਮੀਡੀਆ ਜਿੱਥੇ ਇਨਸਾਨੀ ਜ਼ਿੰਦਗੀ ਲਈ ਲਾਹੇਵੰਦ ਸਾਬਿਤ ਹੋ ਰਿਹਾ ਹੈ, ਉਥੇ ਹੀ ਸਿੱਕੇ ਦਾ ਦੂਸਰਾ ਪਹਿਲੂ ਵੀ ਸਾਹਮਣੇ ਆ ਰਿਹਾ ਹੈ। ਇਸ ਦੀ ਬੇਲੋੜੀ ਵਰਤੋਂ ਅਤੇ ਇਸ 'ਤੇ ਵਧੇਰ ਸਰਗਰਮੀ ਬੇਹੱਦ ਚਿੰਤਾ ਦਾ ਵਿਸ਼ਾ ਬਣ ਚੁੱਕੀ ਹੈ। ਇਸ ਨੂੰ ਲੋਕਾਂ ਦੇ ਮਾਨਸਿਕ, ਸਰੀਰਕ ਅਤੇ ਸਮਾਜਕ ਵਿਕਾਸ 'ਤੇ ਪੈ ਰਹੇ ਮਾੜੇ ਪ੍ਰਭਾਵਾਂ ਲਈ ਮੁੱਖ ਰੂਪ ਵਿੱਚ ਜ਼ਿੰਮੇਵਾਰ ਮੰਨਿਆ ਜਾ ਰਿਹਾ ਹੈ। ਤੇਰਾਂ ਸਾਲ ਪਹਿਲਾਂ 1997 'ਚ ਜਦੋਂ ਪਹਿਲੀ ਸੋਸ਼ਲ ਨੈੱਟਵਰਕ ਸਾਈਟ ਸਿਕਸ ਡਿਗਰੀ ਹੋਂਦ ਵਿੱਚ ਆਈ ਸੀ ਤਾਂ ਕਿਸੇ ਨੇ ਕਲਪਨਾ ਵੀ ਨਹੀਂ ਕੀਤੀ ਸੀ ਕਿ ਇਸ ਤੋਂ ਬਾਅਦ ਅਨੇਕਾਂ ਲੋਕਪ੍ਰਿਅ ਸੋਸ਼ਲ ਨੈੱਟਵਰਕਿੰਗ ਸਾਈਟਸ ਹੋਂਦ ਵਿੱਚ ਆਉਣਗੀਆਂ ਅਤੇ ਇੰਨੀ ਜਲਦੀ ਪੂਰੇ ਵਿਸ਼ਵ ਨੂੰ ਆਪਣੇ ਆਲੇ ਦੁਆਲੇ ਕੇਂਦਰਿਤ ਕਰ ਲੈਣਗੀਆਂ। ਸੋਸ਼ਲ ਮੀਡੀਆ ਦੀ ਬਦੌਲਤ ਸੰਚਾਰ ਸਾਧਨਾਂ, ਸਿਖਿਆ, ਵਣਜ, ਪੱਤਰਕਾਰੀ ਅਤੇ ਸਮਾਜਕ ਰਿਸ਼ਤਿਆਂ ਦੇ ਖੇਤਰ ਵਿੱਚ ਬਹੁਤ ਵੱਡੀ ਤਬਦੀਲੀ ਦੇਖਣ ਨੂੰ ਮਿਲੀ ਹੈ। ਇਸ ਦੇ ਨਾਲ ਸੰਚਾਰ ਦੀ ਗਤੀ ਬੇਹੱਦ ਤੇਜ਼ ਹੋਈ ਹੈ। ਸੋਸ਼ਲ ਮੀਡੀਆ ਦੀ ਮਹੱਤਤਾ ਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਵਿਸ਼ਵ ਦੀ 780 ਕਰੋੜ ਦੀ ਆਬਾਦੀ ਵਿੱਚ 460 ਕਰੋੜ ਤੋਂ ਵੱਧ ਲੋਕਾਂ ਕੋਲ ਇੰਟਰਨੈਟ ਦੀ ਸਹੂਲਤ ਉਪਲਬਧ ਹੈ ਅਤੇ 381 ਕਰੋੜ ਤੋਂ ਵੱਧ ਲੋਕ ਸੋਸ਼ਲ ਮੀਡੀਆ ਦੀਆਂ 15 ਤੋਂ ਵੱਧ ਪ੍ਰਚਲਿਤ ਸੋਸ਼ਲ ਸਾਈਟਾਂ 'ਚੋਂ ਕਿਸੇ ਨਾ ਕਿਸੇ ਨੈੱਟਵਰਕ ਦੀ ਵਰਤੋਂ ਵੱਡੇ ਪੱਧਰ 'ਤੇ ਕਰਦੇ ਹਨ, ਜੋ ਕੁੱਲ ਆਬਾਦੀ ਦਾ 49 ਫੀਸਦੀ ਹੈ। ਇੱਕ ਆਮ ਇਨਸਾਨ ਦਿਨ ਵਿੱਚ ਔਸਤ 149 ਮਿੰਟ ਸੋਸ਼ਲ ਨੈੱਟਵਰਕ ਸਾਈਟਾਂ 'ਤੇ ਸਰਗਰਮ ਰਹਿੰਦਾ ਹੈ।

ਫੇਸਬੁਕ 'ਤੇ ਹਰ ਮਹੀਨੇ 250 ਕਰੋੜ ਤੋਂ ਵੱਧ ਲੋਕ ਸਰਗਰਮ ਰਹਿੰਦੇ ਹੋਏ ਲਾਈਕ, ਸ਼ੇਅਰ ਅਤੇ ਪੋਸਟ ਕਰਦੇ ਹਨ ਅਤੇ ਰੋਜ਼ਾਨਾ ਤੀਹ ਕਰੋੜ ਤੋਂ ਵੱਧ ਫੋਟੋਜ਼ ਅਤੇ ਵੀਡੀਓ ਇਸ 'ਤੇ ਅਪਲੋਡ ਕੀਤੀਆਂ ਜਾਂਦੀਆਂ ਹਨ। ਟਵਿੱਟਰ ਦੀ 38 ਕਰੋੜ ਤੋਂ ਵੱਧ ਲੋਕ ਵਰਤੋਂ ਕਰਦੇ ਹੋਏ ਸੂਚਨਾ ਅਤੇ ਵਿਚਾਰਾਂ ਦਾ ਅਦਾਨ-ਪ੍ਰਦਾਨ ਕਰਦੇ ਹਨ। ਇੰਸਟਾਗ੍ਰਾਮ ਦੀ ਵਰਤੋਂ 100 ਕਰੋੜ ਤੋਂ ਵੱਧ ਲੋਕਾਂ ਦੁਆਰਾ ਕਾਰਨ ਇਸ ਦੀ ਪ੍ਰਸਿੱਧੀ ਸਿਖਰਾਂ 'ਤੇ ਹੈ। ਵਟਸਐਪ ਕਾਰਨ ਸੋਸ਼ਲ ਮੀਡੀਆ ਦੇ ਖੇਤਰ ਵਿੱਚ ਵੱਡੀ ਤਬਦੀਲੀ ਦੇਖਣ ਨੂੰ ਮਿਲੀ ਹੈ। ਸਮਾਜ ਦੇ ਹਰ ਵਰਗ, ਹਰ ਉਮਰ ਦੇ ਲੋਕਾਂ 'ਚ ਹਰਮਨਪਿਆਰੀ ਇਸ ਸਾਈਟ ਦਾ 200 ਕਰੋੜ ਤੋਂ ਵੱਧ ਲੋਕ ਲਾਭ ਪ੍ਰਾਪਤ ਕਰ ਰਹੇ ਹਨ। ਯੂ-ਟਿਊਬ ਦੀ ਵਰਤੋਂ 200 ਕਰੋੜ ਤੋਂ ਵੱਧ ਲੋਕ ਕਰਦੇ ਹਨ, ਜਦ ਕਿ ਸਨੈਪਚੈਟ ਦੀ ਵਰਤੋਂ ਅੱਸੀ ਕਰੋੜ ਤੋਂ ਵੱਧ ਲੋਕ ਕਰ ਰਹੇ ਹਨ। ਸੋਸ਼ਲ ਮੀਡੀਆ ਦੀ ਵਰਤੋਂ ਬੇਹੱਦ ਤੇਜ਼ੀ ਨਾਲ ਵੱਧ ਰਹੀ ਹੈ। ਇਸ ਦੀ ਬਦੌਲਤ ਨਿੱਤ ਨਵੇਂ-ਨਵੇਂ ਦੋਸਤ ਮਿਲ ਰਹੇ ਹਨ। ਕੁਝ ਲੋਕ ਪਰਵਾਰਕ ਰਿਸ਼ਤਿਆਂ ਦੀ ਹੋਈ ਦੂਰੀ ਕਾਰਨ ਇਕੱਲੇਪਣ ਦੀ ਸਮੱਸਿਆ ਨਾਲ ਜੂਝਦੇ ਹਨ। ਇਸ ਸਮੱਸਿਆ ਨੂੰ ਦੂਰ ਕਰਨ ਲਈ ਉਹ ਇਨ੍ਹਾਂ ਸਾਈਟਾਂ ਦਾ ਸਹਾਰਾ ਲੈ ਰਹੇ ਹਨ। ਮਨੋਰੰਜਨ ਦੇ ਖੇਤਰ ਵਿੱਚ ਨਿੱਤ ਨਵੀਂ ਪ੍ਰਤਿਭਾ ਨਿਕਲ ਕੇ ਸਾਹਮਣੇ ਆ ਰਹੀ ਹੈ। ਪ੍ਰਤਿਭਾਸ਼ਾਲੀ ਲੋਕਾਂ ਦੀ ਇੱਕ ਵਾਇਰਲ ਵੀਡੀਓ, ਲੇਖ ਜਾਂ ਬਲਾਗ ਉਨ੍ਹਾਂ ਨੂੰ ਰਾਤੋਂ-ਰਾਤ ਸਟਾਰ ਬਣਾ ਦਿੰਦਾ ਹੈ। ਸੂਚਨਾ ਦੇ ਖੇਤਰ ਵਿੱਚ ਕ੍ਰਾਂਤੀਕਾਰੀ ਤਬਦੀਲੀ ਆਈ ਹੈ। ਦੇਸ਼-ਵਿਦੇਸ਼ ਦੀ ਸੂਚਨਾ ਚੰਦ ਸਕਿੰਟਾਂ ਵਿੱਚ ਤੁਹਾਡੇ ਸਾਹਮਣੇ ਆ ਜਾਂਦੀ ਹੈ। ਇੱਕ ਬਟਨ ਦਬਾਉਣ 'ਤੇ ਤੁਸੀਂ ਪੂਰੀ ਦੁਨੀਆ ਜਾਂ ਆਪਣੇ ਮਿੱਤਰਾਂ, ਰਿਸ਼ਤੇਦਾਰਾਂ ਜਾਂ ਹੋਰ ਚਾਹੁਣ ਵਾਲਿਆਂ ਨਾਲ ਜੁੜ ਜਾਂਦੇ ਹੋ। ਸੋਸ਼ਲ ਮੀਡੀਆ ਦੀ ਬਦੌਲਤ ਭੂਗੋਲਿਕ ਹੱਦਾਂ ਬੰਨ੍ਹੇ ਅਤੇ ਸਰਹੱਦਾਂ ਖਦਮ ਹੋ ਚੁੱਕੀਆਂ ਹਨ। ਕੋਵਿਡ-19 ਕਾਰਨ ਹੋਏ ਲਾਕਡਾਊਨ ਦੌਰਾਨ ਸੋਸ਼ਲ ਮੀਡੀਆ ਅਤੇ ਇੰਟਰਨੈੱਟ ਦੀ ਬਦੌਲਤ ਸਿਖਿਆ ਦੇ ਖੇਤਰ ਵਿੱਚ ਕ੍ਰਾਂਤੀਕਾਰੀ ਤਬਦੀਲੀ ਦੇਖਣ ਵਿੱਚ ਆਈ। ਸਿਖਿਆ ਗ੍ਰਹਿਣ ਕਰਨ ਦਾ ਤਰੀਕਾ ਆਫਲਾਈਨ (ਕਲਾਸਰੂਮ) ਤੋਂ ਆਨਲਾਈਨ 'ਚ ਬਦਲ ਗਿਆ।

ਅਧਿਆਪਕ ਵੀ ਆਪਣੇ ਲੈਕਚਰ ਰਿਕਾਰਡ ਕਰ ਕੇ ਸੋਸ਼ਲ ਮੀਡੀਆ 'ਤੇ ਅਪਲੋਡ ਕਰਨ ਲੱਗੇ ਜਿਸ ਕਾਰਨ ਉਹ ਕਲਾਸਰੂਮ ਦੀ ਚਾਰਦੀਵਾਰੀ ਤੋਂ ਨਿਕਲ ਕੇ ਦੇਸ਼-ਵਿਦੇਸ਼ ਵਿੱਚ ਪ੍ਰਸਿੱਧ ਹੋਣ ਲੱਗੇ। ਚਾਹੇ ਮਾਤਾ-ਪਿਤਾ ਘਰ ਬੈਠੇ ਬੱਚਿਆਂ ਨੂੰ ਪੜ੍ਹਦੇ ਦੇਖ ਕੇ ਕੁਝ ਰਾਹਤ ਮਹਿਸੂਸ ਕਰ ਰਹੇ ਹਨ, ਪਰ ਬਹੁ ਗਿਣਤੀ ਮਾਪਿਆਂ ਦੀ ਚਿੰਤਾ, ਬੱਚਿਆਂ ਵੱਲੋਂ ਸਮਾਰਟਫੋਨ ਦੀ ਵਰਤੋਂ ਪੜ੍ਹਾਈ ਤੋਂ ਇਲਾਵਾ ਹੋਰ ਕੰਮਾਂ ਲਈ ਕਰਨਾ ਜਿਵੇਂ ਕਿ ਮੋਬਾਈਲ ਗੇਮਜ਼ ਖੇਡਣਾ, ਸੋਸ਼ਲ ਸਾਈਟਸ 'ਤੇ ਵੱਧ ਸਰਗਰਮੀ, ਗਲਤ ਨੈੱਟਵਰਕ ਸਾਈਟ ਖੋਲ੍ਹ ਕੇ ਦੇਖਣਾ, ਜ਼ਿਆਦਾ ਸਮਾਂ ਅਨਲਾਈਨ ਰਹਿਣਾ ਜਿਸ ਨਾਲ ਪੜ੍ਹਾਈ ਤੋਂ ਇਕਾਗਰਤਾ ਭਟਕਦੀ ਹੈ ਅਤੇ ਅਨੇਕਾਂ ਹੋਰ ਸਮੱਸਿਆਵਾਂ ਪੈਦਾ ਹੁੰਦੀਆਂ ਹਨ। ਮਾਪਿਆਂ ਦੀ ਜ਼ਿੰਮੇਵਾਰੀ ਸਿਰਫ ਮੋਬਾਈਲ ਲੈ ਕੇ ਦੇਣ ਅਤੇ ਇੰਟਰਨੈੱਟ ਡਾਟਾ ਪਵਾ ਕੇ ਦੇਣ ਤੱਕ ਹੀ ਸੀਮਤ ਨਹੀਂ ਬਲਕਿ ਬੱਚਿਆਂ ਦੀ ਸਮਾਰਟਫੋਨ ਵਰਤਦੇ ਸਮੇਂ ਨਿਗਰਾਨੀ ਅਤੇ ਕੌਂਸਲਿੰਗ ਕਰਨਾ ਵੀ ਜ਼ਰੂਰੀ ਹੈ। ਵਿਦਿਆਰਥੀ ਵਰਗ ਨੂੰ ਸੋਸ਼ਲ ਮੀਡੀਆ ਦੀ ਬੇਲੋੜੀ ਵਰਤੋਂ ਪ੍ਰਤੀ ਸਮੇਂ ਸਿਰ ਚੇਤੰਨ ਨਾ ਕੀਤਾ ਗਿਆ ਤਾਂ ਇਸ ਦੇ ਗੰਭੀਰ ਨਤੀਜੇ ਸਾਹਮਣੇ ਆਉਣਗੇ।

ਸੋਸ਼ਲ ਮੀਡੀਆ ਲਾਭਕਾਰੀ ਹੋਣ ਦੇ ਨਾਲ-ਨਾਲ ਅਨੇਕਾਂ ਨਕਾਰਾਤਮਕ ਪ੍ਰਭਾਵ ਵੀ ਸਮਾਜ ਸਾਹਮਣੇ ਛੱਡ ਰਿਹਾ ਹੈ। ਸੋਸ਼ਲ ਮੀਡੀਆ 'ਤੇ ਅਨੇਕਾਂ ਵਾਰ ਅਜਿਹੇ ਲੇਖ ਅਤੇ ਵੀਡੀਓ ਅਪਲੋਡ ਕੀਤੀਆਂ ਜਾਂਦੀਆਂ ਹਨ ਜਿਨ੍ਹਾਂ ਵਿੱਚ ਕਿਸੇ ਮਨੁੱਖ ਜਾਂ ਵਰਗ ਦੀ ਨਿੱਜਤਾ, ਧਰਮ ਜਾਂ ਵਰਗ ਪ੍ਰਤੀ ਮਾੜੀ ਸ਼ਬਦਾਵਲੀ ਦੀ ਵਰਤੋਂ ਕੀਤੀ ਜਾਂਦੀ ਹੈ, ਜੋ ਮਨੁੱਖ ਦੀ ਮਾਨਸਿਕਤਾ 'ਤੇ ਗਹਿਰਾ ਪ੍ਰਭਾਵ ਪਾਉਂਦੀ ਹੈ। ਨੌਜਵਾਨ ਵਰਗ ਦਾ ਸਰੀਰਕ ਖੇਡਾਂ ਜਾਂ ਗਤੀਵਿਧੀਆਂ ਛੱਡ ਕੇ ਘੰਟਿਆਂਬੱਧੀ ਮੋਬਾਈਲ ਗੇਮ ਖੇਡਣਾ ਜਾਂ ਸੋਸ਼ਲ ਮੀਡੀਆ 'ਤੇ ਸਰਗਰਮ ਰਹਿਣਾ ਉਨ੍ਹਾਂ ਦੇ ਸਰੀਰਕ ਅਤੇ ਸਮਾਜਕ ਵਿਕਾਸ ਵਿੱਚ ਬਹੁਤ ਵੱਡੀ ਰੁਕਾਵਟ ਬਣ ਰਿਹਾ ਹੈ। ਸੋਸ਼ਲ ਮੀਡੀਆ 'ਤੇ ਅਨੇਕਾਂ ਵਾਰ ਅਜਿਹੀਆਂ ਅਫਵਾਹਾਂ ਫੈਲਾਅ ਦਿੱਤੀਆਂ ਜਾਂਦੀਆਂ ਹਨ ਜਿਨ੍ਹਾਂ ਦੀ ਸਮਾਜ ਨੂੰ ਭਾਰੀ ਕੀਮਤ ਚੁਕਾਉਣੀ ਪੈਂਦੀ ਹੈ। ਨੌਜਵਾਨ ਪੀੜ੍ਹੀ ਦੀ ਸੋਸ਼ਲ ਮੀਡੀਆ 'ਤੇ ਵਧਦੀ ਸਰਗਰਮੀ




ਕਾਰਨ ਨੌਜਵਾਨ ਵਰਗ ਇਕੱਲੇ ਰਹਿਣ ਦਾ ਆਦੀ ਹੋ ਰਿਹਾ ਹੈ। ਡਿਪ੍ਰੈਸ਼ਨ, ਮੋਟਾਪਾ ਅਤੇ ਅਨੇਕਾਂ ਹੋਰ ਸਿਹਤ ਸਮੱਸਿਆਵਾਂ ਨੂੰ ਦੇਖਦੇ ਹੋਏ ਮਨੋਵਿਗਿਆਨੀਆਂ ਅਤੇ ਡਾਕਟਰਾਂ ਨੇ ਇਸ ਸੰਬੰਧੀ ਵਿਸ਼ੇਸ਼ ਕੌਂਸਲਿੰਗ ਕੇਂਦਰ ਖੋਲ੍ਹ ਦਿੱਤੇ ਹਨ ਜਿੱਥੇ ਨਸ਼ਿਆਂ ਦੀ ਤਰ੍ਹਾਂ ਸੋਸ਼ਲ ਮੀਡੀਆ ਦੇ ਆਦੀ ਹੋਏ ਲੋਕਾਂ ਦਾ ਇਲਾਜ ਕੀਤਾ ਜਾਂਦਾ ਹੈ। ਸੋਸ਼ਲ ਮੀਡੀਆ ਦੀ ਬਦੌਲਤ ਘਰ ਦੀ ਗ੍ਰਹਿਣੀ ਤੋਂ ਲੈ ਕੇ ਵੱਖ-ਵੱਖ ਅਦਾਰਿਆਂ ਦੇ ਕਰਮਚਾਰੀਆਂ, ਅਧਿਕਾਰੀਆਂ ਅਤੇ ਵਿਦਿਆਰਥੀਆਂ ਦੀ ਕਾਰਜਕੁਸ਼ਲਤਾ 'ਤੇ ਮਾੜਾ ਪ੍ਰਭਾਵ ਪਿਆ ਹੈ। ਸੋਸ਼ਲ ਮੀਡੀਆ ਵਰਤਣ ਵਾਲੇ 'ਤੇ ਨਿਰਭਰ ਕਰਦਾ ਹੈ ਕਿਉਹ ਇਸ ਨੂੰ ਵਿਕਾਸ ਲਈ ਵਰਤਦਾ ਹੈ ਜਾਂ ਵਿਨਾਸ਼ ਲਈ। ਬੀਤੇ ਦਿਨੀਂ ਕੋਵਿਡ 19 ਕਾਰਨ ਹੋਏ ਲਾਕਡਾਊਨ ਦੌਰਾਨ ਫਿਰੋਜ਼ਪੁਰ ਦੇ ਇੱਕ ਵਟਸਐਪ ਗਰੁੱਪ ਨੇ ਬੇਹੱਦ ਹਾਂ ਪੱਖੀ ਉਦਾਹਰਣ ਲੋਕਾਂ ਅੱਗੇ ਪੇਸ਼ ਕੀਤੀ। ਗਰੁੱਪ 'ਚ ਵਿਚਾਰ-ਵਟਾਂਦਰਾ ਕਰਦਿਆਂ ਸਾਹਮਣੇ ਆਇਆ ਕਿ ਸ਼ਹਿਰ ਦੇ ਸਿਵਲ ਹਸਪਤਾਲ ਵਿੱਚ ਵੈਂਟੀਲੇਟਰ ਦੀ ਸਹੂਲਤ ਉਪਲਬਧ ਨਹੀਂ ਹੈ।

ਸਰਕਾਰ ਤੱਕ ਮੰਗ ਪਹੁੰਚਾਉਣ 'ਚ ਸਮਾਂ ਲੱਗ ਸਕਦਾ ਹੈ। ਇਸ ਲਈ ਗਰੁੱਪ ਮੈਂਬਰਾਂ ਨੇ ਆਪਣੇ ਕੋਲੋਂ ਦਾਨ ਦੀ ਰਾਸ਼ੀ ਇਕੱਠੀ ਕਰ ਕੇ ਅਤਿ-ਆਧੁਨਿਕ ਵੈਂਟੀਲੇਟਰ ਕੁਝ ਹੀ ਦਿਨਾਂ ਵਿੱਚ ਸਿਵਲ ਸਰਜਨ ਨੂੰ ਸੌਂਪ ਦਿੱਤਾ। ਉਥੇ ਹੀ ਹਸਪਤਾਲ ਵਿੱਚ ਮ੍ਰਿਤਕ ਸਰੀਰਾਂ ਨੂੰ ਰੱਖਣ ਲਈ ਡੀਪ ਫਰੀਜ਼ਰ ਦੀ ਘਾਟ ਸਾਹਮਣੇ ਆਈ ਤਾਂ ਗਰੁੱਪ ਦੇ ਮੈਂਬਰਾਂ ਨੇ ਦੋ ਡੀਪ ਫਰੀਜ਼ਰਾਂ ਦਾ ਪ੍ਰਬੰਧ ਕਰ ਕੇ ਹਸਪਤਾਲ ਨੂੰ ਦਿੱਤਾ। ਇਸ ਤੋਂ ਬਾਅਦ ਮੈਂਬਰਾਂ ਨੇ ਲੋੜਵੰਦ ਮਰੀਜ਼ਾਂ ਨੂੰ ਘੱਟ ਰੇਟ 'ਤੇ ਦਵਾਈਆਂ ਨਿਰੰਤਰ ਉਪਲਬਧ ਕਰਵਾਉਣ ਦਾ ਬੀੜਾ ਵੀ ਚੁੱਕਿਆ। ਸੋਸ਼ਲ ਮੀਡੀਆ ਦੀ ਅਜਿਹੀ ਵਰਤੋਂ ਸਮਾਜ ਲਈ ਬੇਹੱਦ ਲਾਹੇਵੰਦ ਸਾਬਤ ਹੋ ਸਕਦੀ ਹੈ। ਮੌਜੂਦਾ ਦੌਰ 'ਚ ਸਾਨੂੰ ਸਰੀਰਕ ਗਤੀਵਿਧੀਆਂ, ਸੋਸ਼ਲ ਮੀਡੀਆ ਅਤੇ ਜੋ ਵੀ ਅਸੀਂ ਕੰਮ ਕਰਦੇ ਹਾਂ, ਤਿੰਨਾਂ ਵਿੱਚ ਸੰਤੁਲਨ ਬਣਾਉਣਾ ਸਮੇਂ ਦੀ ਵੱਡੀ ਜ਼ਰੂਰਤ ਹੈ। ਖਾਣ-ਪੀਣ ਸਮੇਂ ਮੋਬਾਈਲ ਫੋਨ ਨੂੰ ਦੂਰ ਰੱਖਣ ਦੀ ਵੀ ਪਹਿਲ ਕਰਨੀ ਪਵੇਗੀ। ਹਫਤੇ ਵਿੱਚ ਇੱਕ ਦਿਨ ਅਜਿਹਾ ਨਿਸ਼ਚਿਤ ਕੀਤਾ ਜਾਵੇ ਜਿਸ ਦਿਨ ਸਮਾਰਟਫੋਨ ਅਤੇ ਅਜਿਹੇ ਹੋਰ ਇਲੈਕਟ੍ਰਾਨਿਕ ਗੈਜੇਟਸ ਦੀ ਵਰਤੋਂ ਬਿਲਕੁਲ ਨਾ ਕੀਤੀ ਜਾਵੇ।


# ਜ਼ਰੂਰ ਜਾਣੋ; ਗਿਆਨ ਗੰਗਾ

।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (ਇਦਟਿਅਟੌਨਿ) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

**IPTV ਦੁਆਰਾ ਸਤਸੰਗ ਦੇਖੋ**

ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਸਾਧਣਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:

satlokashramcanada@gmail.com
satsahibusa@gmail.com
**647-739-4641**
**346-714-0224**


# ਸਾਉਣ ਮਹੀਨਾ ਵਰ੍ਹੇ ਮੇਘਲਾ

-ਪ੍ਰੇਮਲਤਾ ਪ੍ਰਿੰਸੀਪਲ

ਸਾਉਣ ਮਹੀਨਾ ਵਰਖਾ ਰੁੱਤ ਦੇ ਆਗਮਨ ਦਾ ਸੂਚਕ ਹੈ, ਜੋ ਸਾਰੇ ਦੇਸ਼ ਦੀ ਜਿੰਦ ਜਾਨ ਹੈ। ਜਦੋਂ ਅਸੀਂ ਕਿਸੇ ਮਹੀਨੇ ਨੂੰ ਦੇਸੀ ਨਾਮ ਨਾਲ ਪੁਕਾਰਦੇ ਹਾਂ, ਤਾਂ ਉਸੇ ਵੇਲੇ ਸਾਡੇ ਸਾਹਮਣੇ ਸਮੁੱਚੇ ਵਾਤਾਵਰਣ ਅਤੇ ਉਸ ਨਾਲ ਜੁੜਿਆ ਸਭਿਆਚਾਰ ਮਨ ਵਿੱਚ ਗੋਤੇ ਲਾਉਣ ਲੱਗ ਜਾਂਦਾ ਹੈ। ਰੁੱਤਾਂ ਨਾਲ ਜੁੜਿਆ ਸਭਿਆਚਾਰ ਕੋਈ ਇੱਕ ਮਨੁੱਖ ਦੀ ਕਾਢ ਨਹੀਂ ਹੈ, ਸਗੋਂ ਇਹ ਤਾਂ ਹਜ਼ਾਰਾਂ ਸਾਲਾਂ ਤੋਂ ਕੁਦਰਤ ਨਾਲ ਸਮਾਜ ਦੀ ਸਾਂਝ ਅਤੇ ਮਨੁੱਖੀ ਮਨਾਂ ਅੰਦਰ ਚਾਵਾਂ ਨਾਲ ਤ੍ਰਿਪਤੀ ਅਤੇ ਲੋੜਾਂ ਦੀ ਪੂਰਤੀ ਵਿੱਚੋਂ ਜਨਮਿਆ ਹੁੰਦਾ ਹੈ। ਸਾਉਣ ਦਾ ਮਹੀਨਾ ਉਤਪਾਦਨ ਦੀ ਧਰਾਤਲ ਹੈ, ਧਰਤੀ ਉਪਰਲੀਆਂ ਅਤੇ ਹੇਠਲੀਆਂ ਨਦੀਆਂ ਸਾਉਣ ਦੇ ਮਹੀਨੇ ਦੀ ਵਰਖਾ ਕਾਰਨ ਹੀ ਵਗਦੀਆਂ ਹਨ। ਦੇਸ਼ ਵਿੱਚ ਸਾਰੇ ਸਾਲ ਲਈ ਸਿੰਚਾਈ ਅਤੇ ਪੀਣ ਲਈ ਪਾਣੀ ਦੇ ਸੋਮੇ ਸਾਉਣ ਦੀ ਵਰਖਾ 'ਤੇ ਹੀ ਨਿਰਭਰ ਹਨ। ਬਿਜਲੀ ਉਤਪਾਦਨ ਦੇ ਸਾਰੇ ਡੈਮ ਸਾਉਣ ਦੀ ਵਰਖਾ ਨਾਲ ਹੀ ਚੱਲਦੇ ਹਨ। ਪਾਣੀ, ਜੀਵਨ ਲਈ ਇੱਕ ਜ਼ਰੂਰੀ ਤੱਤ ਹੈ, ਧਰਤੀ ਦੇ ਸਾਰੇ ਜੀਵ ਅਤੇ ਹਰਿਆਵਲ ਪਾਣੀ ਦੇ ਸਿਰ 'ਤੇ ਹੀ ਜਿਊਂਦੀ ਹੈ।

ਉਂਝ ਤਾਂ ਸਾਰਾ ਭਾਰਤ ਹੀ ਸਾਉਣ ਦੇ ਮਹੀਨੇ ਨਾਲ ਸਭਿਆਚਾਰਕ ਤੌਰ 'ਤੇ ਜੁੜਿਆ ਹੈ, ਪਰ ਇਸ ਮਹੀਨੇ ਨਾਲ ਪੰਜਾਬ ਦੀ ਸਾਂਝ ਕੁਝ ਵੱਖਰੀ ਹੀ ਹੈ। ਪੰਜਾਬ ਵਿੱਚ ਤੀਜ ਦੀਆਂ ਤੀਆਂ ਪੂਰੀ ਤਰ੍ਹਾਂ ਸਭਿਆਚਾਰਕ ਹਨ। ਉਤਸਵ ਦਾ ਮਹੀਨਾ ਹੁੰਦਾ ਹੈ। ਪੰਜਾਬ ਵਿੱਚ ਇੱਕ ਬੋਲੀ ਪ੍ਰਚਲਿਤ ਹੈ :

ਸਾਵਣ ਖੀਰ ਨਾ ਖਾਧੀਆ
ਤਾਂ ਕਿਉਂ ਜੰਮਿਆ ਆਪਰਾਧੀਆ।

ਸਾਉਣ ਮਹੀਨੇ ਦਾ ਦੂਜਾ ਪੰਦਰਵਾੜਾ ਚਾਨਣੀਆਂ ਰਾਤਾਂ ਵਾਲਾ ਹੁੰਦਾ ਹੈ। ਇਸ ਗੱਲ ਨੂੰ ਦੱਸਦੀ ਇੱਕ ਬੋਲੀ ਹੈ :

ਚੰਦ ਚੜ੍ਹ ਗਿਆ ਤੀਆਂ ਦੇ ਦਿਨ ਨੇੜੇ,
ਭੇਜੀਂ ਮਾਏਂ ਵੱਡੇ ਵੀਰ ਨੂੰ।

ਸਾਉਣ ਦੇ ਇਸ ਚਾਨਣੇ ਪੰਦਰਵਾੜੇ ਦੇ ਤੀਜੇ ਦਿਨ ਤੋਂ ਪੰਜਾਬ ਦੇ ਹਰ ਇੱਕ ਪਿੰਡ ਅਤੇ ਕਸਬੇ ਵਿੱਚ ਤੀਆਂ ਦੇ ਮੇਲੇ ਲੱਗਣੇ ਸ਼ੁਰੂ ਹੋ ਜਾਂਦੇ ਸਨ। ਵਿਆਂਦੜ ਭੈਣਾਂ ਲਈ ਉਨ੍ਹਾਂ ਦੇ ਵੀਰ ਸੰਧਾਰਾ ਲੈ ਕੇ ਜਾਂਦੇ ਅਤੇ ਮੁੜਦੇ ਹੋਏ ਭੈਣਾਂ ਆਪਣੇ ਭਰਾਵਾਂ ਨਾਲ ਹੀ ਆਪਣੇ ਪੇਕੇ ਆ ਜਾਂਦੀਆਂ। ਕਈ ਵਾਰ ਸੱਸ, ਨੂੰਹ ਨੂੰ ਬੋਲੀ ਮਾਰਦੀ :

ਬਹੁਤੇ ਨੀਂ ਭਰਾਵਾਂ ਵਾਲੀਏ,
ਤੈਨੂੰ ਤੀਆਂ ਨੂੰ ਲੈਣ ਨੀਂ ਆਏ।

ਜਦੋਂ ਵਿਆਂਦੜਾਂ ਪੇਕੇ ਪਹੁੰਚਦੀਆਂ ਤਾਂ ਇਕੱਠੀਆਂ ਹੋ ਕੇ ਸ਼ਾਮ ਵੇਲੇ ਤੀਆਂ ਦੇ ਮੇਲੇ ਜਾਂ ਪਿੜ ਵੱਲ ਤੁਰਦੀਆਂ ਬੋਲੀ ਪਾਉਂਦੀਆਂ :

ਤੀਆਂ ਜੋਰ ਲੱਗੀਆਂ, ਜੋਰੋ ਜੋਰ ਲੱਗੀਆਂ,
ਮੇਰੇ ਪੇਕਿਆਂ ਦੇ ਪਿੰਡ ਤੀਆਂ ਜੋਰ ਲੱਗੀਆਂ।

ਚਿਰਾਂ ਤੋਂ ਵਿਛੜੀਆਂ ਸਹੇਲੀਆਂ ਜਦੋਂ ਸਾਉਣ ਦੇ ਮਹੀਨੇ ਇਕੱਠੀਆਂ ਹੁੰਦੀਆਂ ਤਾਂ ਉਨ੍ਹਾਂ ਦਾ ਰੋਮ-ਰੋਮ ਖਿੜ ਉਠਦਾ ਅਤੇ ਬੋਲੀ ਪਾਉਂਦੀਆਂ :

ਸਾਉਣ ਮਹੀਨਾ ਦਿਨ ਤੀਆਂ ਦੇ,
ਪਿੱਪਲੀਂ ਪੀਂਘਾਂ ਪਾਈਆਂ,
ਭਿੱਜ ਗਈ ਰੂਹ ਮਿੱਤਰਾ,
ਸਾਉਣ ਘਟਾਂ ਚੜ੍ਹ ਆਈਆਂ।

ਤੀਆਂ ਦਾ ਮੇਲਾ ਔਰਤ ਜਾਤੀ ਦੇ ਮਾਨ-ਸਨਮਾਨ ਅਤੇ ਆਜ਼ਾਦੀ ਦੇ ਪ੍ਰਗਟਾਵੇ ਦਾ ਸਭਿਆਚਾਰਕ ਪਿੜ ਹੁੰਦਾ ਸੀ। ਤੀਆਂ ਦੇ ਦਿਨਾਂ ਵਿੱਚ ਪਿੰਡ ਦੀ ਹਰ ਇੱਕ ਕੁੜੀ ਅਤੇ ਵਿਆਂਦੜ ਦਾ ਤਨ-ਮਨ ਗਿੱਧੇ ਨਾਲ ਜੁੜਿਆ ਹੁੰਦਾ ਸੀ। ਇਹ ਭਾਵਨਾ ਇੱਕ ਬੋਲੀ ਰਾਹੀਂ ਪ੍ਰਗਟ ਹੁੰਦੀ :

ਆਇਆ ਸਾਵਣ ਮਨ ਪ੍ਰਚਾਵਣ,
ਰੱਜੀਆਂ ਮੱਝੀਂ ਗਾਈਂ,
ਗਿੱਧਿਆਂ ਪਿੰਡ ਵੜ ਵੇ, ਲਾਂਭ-ਲਾਂਭ ਨਾ ਜਾਈਂ।

ਧਨੀ ਰਾਮ ਚਾਤ੍ਰਿਕ ਨੇ ਆਪਣੀ ਕਵਿਤਾ ਦੇ ਇੱਕ ਟੱਪੇ ਰਾਹੀਂ ਸਾਉਣ ਦੇ ਮਹੀਨੇ ਨਾਲ ਮੁਟਿਆਰ ਦੇ ਮੋਹ ਨੂੰ ਇੰਝ ਪ੍ਰਗਟ ਕੀਤਾ ਹੈ :

ਬਾਲਮਾ! ਵਾਰ ਨੇ ਤਿਹਾਰੇ,
ਦੇ ਜਾ ਸਾਉਣ ਦੇ ਦਿਨ ਉਧਾਰੇ।

ਸਾਉਣ ਦੇ ਮਹੀਨੇ ਪੂਰੀ ਕੁਦਰਤ ਹੀ ਹਰਿਆਵਲ ਰੂਪੀ ਸ਼ਿੰਗਾਰ ਰਸ ਨਾਲ ਨੱਕੋ-ਨੱਕ ਭਰੀ ਹੁੰਦੀ ਹੈ। ਤੀਆਂ ਦੇ ਮੇਲੇ ਵਿੱਚ ਸ਼ਾਮਲ ਕੁੜੀਆਂ ਦੇ ਸ਼ਿੰਗਾਰ ਦੀਆਂ ਤਾਂ ਸਾਰੀਆਂ ਹੱਦਾਂ ਪਾਰ ਹੁੰਦੀਆਂ ਸਨ। ਤੀਜ ਦੀਆਂ ਤੀਆਂ ਦੇ ਮੇਲੇ ਵਿੱਚ ਮੁਟਿਆਰਾਂ ਸਜ ਧਜ ਕੇ ਜਾਂਦੀਆਂ-ਹੱਥ ਮਹਿੰਦੀ ਨਾਲ ਰੰਗੇ ਹੁੰਦੇ। ਕੁਆਰੀਆਂ ਦੀਆਂ ਬਾਹਾਂ ਵਿੱਚ ਚੂੜੀਆਂ ਤੇ ਵਿਆਂਦੜਾਂ ਦੀਆਂ ਬਾਹਾਂ ਵਿੱਚ ਚੂੜੇ ਛਣਕਦੇ। ਮੁਟਿਆਰਾਂ ਨਵੇਂ ਸੂਟ ਪਾ ਘੱਗਰੇ ਪਾਉਂਦੀਆਂ। ਤੀਆਂ ਦੇ ਗਿੱਧੇ ਵਿੱਚ ਸ਼ਾਮਲ ਪੰਜਾਬ ਦੀਆਂ ਮੁਟਿਆਰਾਂ ਇੰਦਰ ਲੋਕ ਦੀਆਂ ਪਰੀਆਂ ਲੱਗਦੀਆਂ। ਜਦੋਂ ਤੀਆਂ ਦਾ ਗਿੱਧਾ ਪੈਂਦਾ ਤਾਂ ਮੁਟਿਆਰਾਂ ਪੂਰੇ ਲੋਰ 'ਚ ਆ ਕੇ ਨੱਚਦੀਆਂ। ਉਨ੍ਹਾਂ ਦੇ ਗਿੱਧੇ ਦੀ ਧਮਕ ਸਾਰੇ ਪਿੰਡ ਵਿੱਚ ਸੁਣਾਈ ਦਿੰਦੀ ਹੈ। ਗਿੱਧੇ ਦੀਆਂ ਅਜਿਹੀਆਂ ਹਜ਼ਾਰਾਂ ਬੋਲੀਆਂ ਹਨ, ਜਿਨ੍ਹਾਂ ਵਿੱਚ ਸ਼ਿੰਗਾਰ ਰਸ ਦੇ ਨਾਲ ਜੋਸ਼ ਵੀ ਡੁੱਲ੍ਹ-ਡੁੱਲ੍ਹ ਪੈਂਦਾ ਹੈ। ਜਵਾਨੀ ਦੇ ਜੋਸ਼ ਨੂੰ ਪ੍ਰਗਟ ਕਰਦੀ ਬੋਲੀ ਹੈ :

ਨੀਂ ਤੂੰ ਨੱਚ ਅੜੀਏ, ਬੋਲੀ ਚੱਕ ਅੜੀਏ
ਨੀਂ ਤੂੰ ਅੱਗ ਦੇ ਭਮੂਕੇ ਵਾਂਗੂ ਮੱਚ ਅੜੀਏ।

ਇਨ੍ਹਾਂ ਬੋਲੀਆਂ ਦਾ ਰਚਨਹਾਰਾ ਕੋਈ ਇੱਕ ਕਵੀ ਨਹੀਂ ਹੈ, ਸਗੋਂ ਇਹ ਤਾਂ ਲੋਕ ਮਨਾਂ ਦੇ ਵਲਵਲਿਆਂ ਵਿੱਚੋਂ ਆਪ ਮੁਹਾਰੇ ਉਮੜੀਆਂ ਹਨ ਅਤੇ ਹੈਰਾਨੀ ਦੀ ਗੱਲ ਹੈ ਕਿ ਹਰ ਇੱਕ ਬੋਲੀ ਸੁਰ ਤਾਲ 'ਤੇ ਖਰੀ ਉਤਰਦੀ ਹੈ। ਜਦੋਂ ਕੁਦਰਤ ਪੰਜਾਬੀ ਸਭਿਆਚਾਰ ਦੀ ਧਰਾਤਲ ਹੈ ਤਾਂ ਪੰਛੀਆਂ ਨਾਲ ਇਸ ਦੀ ਸਾਂਝ ਹੋਣੀ ਬੁਨਿਆਦੀ ਗੁਣ ਹੈ। ਸਾਉਣ ਦੇ ਮਹੀਨੇ ਵਿੱਚ ਜਿੱਥੇ ਹਰਿਆਵਲ ਆਪਣੇ ਹੁਸਨ ਦੇ ਸਿਖਰ 'ਤੇ ਹੁੰਦੀ ਹੈ, ਉਥੇ ਪੰਛੀ ਵੀ ਸਾਉਣ ਦੇ ਮਹੀਨੇ ਦਾ ਜਸ਼ਨ ਆਪਣੀਆਂ ਵਿਲੱਖਣ ਸੁਰਾਂ ਨਾਲ ਮਨਾਉਂਦੇ ਹਨ, ਪੰਜਾਬੀ ਮੁਟਿਆਰ ਕੋਇਲ ਨੂੰ ਸੰਬੋਧਤ ਹੁੰਦੀ ਕਹਿੰਦੀ ਹੈ :

ਪ੍ਰੀਤਾਂ ਦੀ ਮੈਨੂੰ ਸਾਂਝ ਬਥੇਰੀ, ਲਾ ਕੇ ਤੋੜ ਨਿਭਾਵਾਂ,
ਨੀਂ ਕੋਇਲੇ ਸਾਉਣ ਦੀਏ, ਤੈਨੂੰ ਹੱਥ 'ਤੇ ਚੋਗ ਚੁਗਾਵਾਂ।

ਸਾਉਣ ਦੀ ਪੂਰਨਮਾਸ਼ੀ ਵਾਲੇ ਦਿਨ ਤੀਆਂ ਦਾ ਆਖਰੀ ਦਿਨ ਹੁੰਦੀ ਹੈ, ਜਿਸ ਨੂੰ ਵੱਲੋ ਪਾਉਣਾ ਕਹਿੰਦੇ ਹਨ। ਇਸ ਦਿਨ ਜਿੱਥੇ ਮੁਟਿਆਰਾਂ ਵਿੱਚ ਗਿੱਧੇ ਦਾ ਜੋਸ਼ ਸਿਖਰ 'ਤੇ ਹੁੰਦਾ ਹੈ, ਉਥੇ ਉਨ੍ਹਾਂ ਵਿੱਚ ਤੀਆਂ ਦੀ ਵਿਦਾਈ ਦੀ ਮਾਯੂਸੀ ਵੀ ਹੁੰਦੀ ਹੈ। ਗਿੱਧੇ ਦੇ ਆਖਰੀ ਪੜਾਅ ਉਪਰ ਮੁਟਿਆਰਾਂ ਕੁਝ ਖਾਸ ਬੋਲੀਆਂ ਪਾਉਂਦੀਆਂ ਹਨ :

ਸਾਉਣ ਵੀਰ 'ਕੱਠੀਆਂ ਕਰੇ, ਭਾਦੋਂ ਚੰਦਰੀ ਵਿਛੋੜੇ ਪਾਵੇ।

ਅੱਜਕੱਲ੍ਹ ਇਹ ਸਭ ਬੀਤੇ ਦੀਆਂ ਗੱਲਾਂ ਬਣ ਗਈਆਂ ਹਨ। ਅੱਜ ਦੀਆਂ ਮੁਟਿਆਰਾਂ ਕੰਮਕਾਜੀ ਹੋਣ ਕਾਰਨ ਉਨ੍ਹਾਂ ਕੋਲ ਤੀਆਂ ਨੂੰ ਪਹਿਲਾਂ ਵਾਲੇ ਉਤਸ਼ਾਹ ਵਿੱਚ ਮਨਾਉਣ ਦਾ ਸਮਾਂ ਨਹੀਂ ਰਿਹਾ। ਹੁਣ ਸਿਰਫ ਸਟੇਜੀ ਤੀਆਂ ਹੀ ਮਨਾਈਆਂ ਜਾਂਦੀਆਂ ਹਨ ਜਿਨ੍ਹਾਂ ਵਿੱਚ ਪਿਛਲੇ ਸਮੇਂ ਵਾਲੀ ਮਿਠਾਸ ਨਹੀਂ, ਬਲਕਿ ਇੱਕ ਖਾਨਾਪੂਰਤੀ ਜਿਹੀ ਹੀ ਹੁੰਦੀ ਹੈ।

# ਛੋਟੇ ਵਪਾਰੀਆਂ ਨੂੰ ਮਾਸਟਰ ਕਾਰਡ ਪੇਮੈਂਟ ਕੰਪਨੀ 250 ਕਰੋੜ ਦਾ ਕਰਜ਼ਾ ਦੇਵੇਗੀ

ਨਵੀਂ ਦਿੱਲੀ, 29 ਜੁਲਾਈ (ਪੋਸਟ ਬਿਊਰੋ)- ਡਿਜੀਟਲ ਭੁਗਤਾਨ ਕੰਪਨੀਆਂ ਵਿੱਚੋਂ ਇੱਕ ਮਾਸਟਰ ਕਾਰਡ ਨੇ ਕੋਰੋਨਾ ਦੇ ਕਾਰਨ ਨੁਕਸਾਨ ਝੱਲ ਰਹੇ ਭਾਰਤ ਦੇ ਛੋਟੇ ਵਪਾਰੀਆਂ ਨੂੰ ਸੰਕਟ 'ਚੋਂ ਉਭਰਨ ਲਈ 250 ਕਰੋੜ ਰੁਪਏ ਆਰਥਿਕ ਪੈਕੇਜ ਦੇਣ ਦਾ ਐਲਾਨ ਕੀਤਾ ਹੈ। ਇਸ ਵਿੱਚ ਵਪਾਰੀਆਂ ਨੂੰ ਕਰਜ਼ਾ ਦਿੱਤਾ ਜਾਏਗਾ ਤੇ ਡਿਜੀਟਲ ਭੁਗਤਾਨ ਨੂੰ ਅਪਣਾਉਣ ਲਈ ਉਤਸ਼ਾਹਤ ਕਰਨ ਦੇ ਅਨੇਕ ਕਦਮ ਉਠਾਏ ਜਾਣਗੇ।

ਮਾਸਟਰ ਕਾਰਡ ਦੇ ਦੱਖਣੀ ਏਸ਼ੀਆ ਦੇ ਡਵੀਜ਼ਨ ਦੇ ਮੁਖੀ ਪੌਰੁਸ਼ ਸਿੰਘ ਨੇ ਦੱਸਿਆ ਕਿ ਮਾਸਟਰ ਕਾਰਡ ਅਪਣੇ ਨੈੱਟਵਰਕ, ਗਿਆਨ, ਤਕਨੀਕ ਅਤੇ ਭਾਈਵਾਲੀ ਦਾ ਲਾਭ ਭਾਰਤ ਦੇ ਵਪਾਰੀਆਂ ਨੂੰ ਦੇਣ ਤੇ ਉਨ੍ਹਾਂ ਦਾ ਕਾਰੋਬਾਰ ਵਧਾਉਣ ਵਿੱਚ ਮਦਦ ਕਰੇਗਾ। ਇਸ ਨਾਲ ਭਾਰਤ ਦੇ ਛੋਟੇ ਕਾਰੋਬਾਰਾਂ ਤੇ ਵਪਾਰੀਆਂ ਨੂੰ ਵਿੱਤੀ ਸਹਾਇਤਾ ਮਿਲੇਗੀ ਤੇ ਡਿਜੀਟਲ ਤਕਨੀਕ ਨਾਲ ਵਪਾਰੀ ਆਪਣੇ ਗ੍ਰਾਹਕ ਨੂੰ ਬਿਹਤਰ ਸਹੂਲਤ ਦੇ ਸਕਣਗੇ ਅਤੇ ਨਿਯਮਾ ਦਾ ਸਹੀ ਸਮੇਂ 'ਤੇ ਪਾਲਣ ਕਰ ਸਕਣਗੇ। ਛੋਟੇ ਵਪਾਰੀਆਂ ਦੇ ਦੇਸ਼ ਵਿਆਪੀ ਸੰਗਠਨ ਕੈਟ ਨੇ ਕੌਮੀ ਜਨਰਲ ਸੈਕਟਰੀ ਪ੍ਰਵੀਨ ਖੰਡੇਲਵਾਲ ਨੇ ਕਿਹਾ ਕਿ ਕੋਰੋਨਾ ਦੇ ਕਾਰਨ ਲਾਕਡਾਊਨ ਨਾਲ ਸਾਰੇ ਦੇਸ਼ ਦੇ ਵਪਾਰੀਆਂ ਨੂੰ ਵੱਡਾ ਨੁਕਸਾਨ ਹੋਇਆ ਹੈ। ਮਾਸਟਰਕਾਰਡ ਦੇ ਇਸ ਸਹਿਯੋਗ ਨਾਲ ਉਹ ਵਪਾਰੀ ਕਰਜ਼ਾ ਲੈ ਸਕਣਗੇ, ਜਿਨ੍ਹਾਂ ਦਾ ਵਪਾਰ ਕੋਵਿਡ ਨਾਲ ਬੁਰੀ ਤਰ੍ਹਾਂ ਪ੍ਰਭਾਵਤ ਹੋਇਆ ਹੈ।

# ਕੋਰੋਨਾ ਪੀੜਤ ਦਾ ਨਾਂਅ ਜਾਣ ਕੇ ਕੀ ਮਿਲੇਗਾ: ਹਾਈ ਕੋਰਟ

ਮੁੰਬਈ, 29 ਜੁਲਾਈ (ਪੋਸਟ ਬਿਊਰੋ)- ਬੰਬੇ ਹਾਈ ਕੋਰਟ ਨੇ ਕਿਹਾ ਕਿ ਜੇ ਕੋਈ ਸਾਰੀਆਂ ਸਾਵਧਾਨੀਆਂ ਵਰਤ ਰਿਹਾ ਹੈ ਜਾਂ ਵਰਤ ਰਹੀ ਹੈ ਤਾਂ ਉਸ ਨੂੰ ਕੋਵਿਡ 19 ਦੀ ਲਾਗ ਦੀ ਚਿੰਤਾ ਕਰਨ ਦੀ ਲੋੜ ਨਹੀਂ। ਕੋਰਟ ਨੇ ਇਹ ਵੀ ਪੁੱਛਿਆ ਹੈ ਕਿ ਜੋ ਵਿਅਕਤੀ ਕੋਰੋਨਾ ਪਾਜ਼ੀਟਿਵ ਪਾਇਆ ਗਿਆ ਹੈ ਤਾਂ ਉਸ ਦਾ ਨਾਂਅ ਜਾਨਣ ਨਾਲ ਕੀ ਹਾਸਲ ਹੋਵੇਗਾ।

ਚੀਫ ਜਸਟਿਸ ਦੀਪਾਂਕਰ ਦੱਤਾ ਅਤੇ ਜਸਟਿਸ ਸਾਰੰਗ ਕੋਟਵਾਲ ਦੇ ਬੈਂਚ ਨੇ ਦੋ ਜਣਿਆਂ ਵੱਲੋਂ ਦਾਖਲ ਜਨਹਿਤ ਪਟੀਸ਼ਨ 'ਤੇ ਸੁਣਵਾਈ ਕੀਤੀ, ਜਿਸ ਵਿੱਚ ਸੰਪਰਕ ਦਾ ਪਤਾ ਲਾਉਣ ਤੇ ਦੂਜਿਆਂ ਨੂੰ ਇਨਫੈਕਸ਼ਨ ਤੋਂ ਬਚਾਉਣ ਲਈ ਕੋਵਿਡ 19 ਪੀੜਤ ਦਾ ਨਾਂਅ ਜ਼ਾਹਰ ਕਰਨ ਦੀ ਮੰਗ ਕੀਤੀ ਗਈ ਹੈ। ਇਹ ਜਨਹਿਤ ਪੀਟਸ਼ਨ ਕਾਨੂੰਨ ਦੀ ਵਿਦਿਆਰਥਣ ਵੈਸ਼ਵੀ ਘੋਲਾਵੇ ਅਤੇ ਸ਼ੋਲਾਪੁਰ ਦੇ ਕਿਸਾਨ ਮਹੇਸ਼ ਗਾਦੇਕਰ ਨੇ ਦਾਖਲ ਕਰ ਕੇ ਦਾਅਵਾ ਕੀਤਾ ਹੈ ਕਿ ਮੌਜੂਦਾ ਹਾਲਾਤ ਵਿੱਚ ਜਿੱਥੇ ਜਨਹਿਤ ਤੇ ਨੈਤਿਕਤਾ ਮਹੱਤਵ ਪੂਰਨ ਹੈ, ਇਥੇ



ਜਿਊਣ ਦਾ ਅਧਿਕਾਰ ਤੇ ਸਿਹਤਮੰਦ ਰਹਿਣ ਦਾ ਅਧਿਕਾਰ ਨਿੱਜਤਾ ਦੇ ਬੁਨਿਆਦੀ ਅਧਿਕਾਰਾਂ ਤੋਂ ਉਪਰ ਹੈ। ਹਾਈ ਕੋਰਟ ਨੇ ਪੁੱਛਿਆ ਕਿ ਕੋਵਿਡ 19 ਪੀੜਤਾਂ ਦਾ ਨਾਂਅ ਜਾਨਣ ਦੇ ਨਾਲ ਕਿਹੜਾ ਟੀਚਾ ਪੂਰਾ ਹੋਵੇਗਾ। ਚੀਫ ਜਸਟਿਸ ਦੱਤਾ ਨੇ ਜ਼ਿਕਰ ਕੀਤਾ, 'ਹਮੇਸ਼ਾ ਨਿੱਖੜ ਜਾਣ ਦਾ ਖਤਰਾ ਹੈ। ਜੇ ਕੋਈ ਭੀੜ ਤੋਂ ਬਚਣ, ਹੱਥ ਧੋਣ, ਸਿਰ ਢਕਣ ਤੇ ਸੈਨੇਟਾਈਜ਼ਰ ਦੀ ਵਰਤੋਂ ਦੀਆਂ ਸਾਵਧਾਨੀਆਂ ਵਰਤਦਾ ਹੈ ਤਾਂ ਇਨਫੈਕਟਿਡ ਹੋਣ ਦਾ ਖਤਰਾ ਘੱਟ ਹੈ। ਕੇਂਦਰ ਵੱਲੋਂ ਪੇਸ਼ ਐਡੀਸ਼ਨਲ ਸਾਲਿਸਟਰ ਜਨਰਲ ਅਨਿਲ ਸਿੰਘ ਨੇ ਕੋਰਟ ਨੂੰ ਕਿਹਾ ਕਿ ਮੱਧ ਪ੍ਰਦੇਸ਼, ਕੇਰਲ, ਮਦਰਾਸ ਤੇ ਉੜੀਸਾ ਹਾਈ ਕੋਰਟ ਅਜਿਹੀਆਂ ਪਟੀਸ਼ਨਾਂ ਨੂੰ ਰੱਦ ਕਰ ਚੁੱਕੀਆਂ ਹਨ।

ਇਸ ਦੌਰਾਨ ਬੰਬੇ ਹਾਈ ਕੋਰਟ ਨੇ ਮਹਾਰਾਸ਼ਟਰ ਸਰਕਾਰ ਤੋਂ ਪੁੱਛਿਆ ਕਿ ਨਿੱਜੀ ਹਸਪਤਾਲ ਅਤੇ ਨਰਸਿੰਗ ਹੋਮ ਪੀ ਪੀ ਈ ਕਿੱਟ ਅਤੇ ਹੋਰ ਸਹਾਇਕ ਚੀਜ਼ਾਂ ਦੀ ਵੱਧ ਕੀਮਤ ਨਾ ਵਸੂਲਣ, ਇਹ ਯਕੀਨੀ ਬਣਾਉਣ ਤੇ ਕੋਰੋਨਾ ਦੌਰਾਨ ਰੋਗੀਆਂ ਨੂੰ ਭੱਜਣ ਤੋਂ ਰੋਕਣ ਲਈ ਉਨ੍ਹਾਂ ਕੋਲ ਕੀ ਕੋਈ ਰੈਗੂਲੇਟਰੀ ਪ੍ਰਣਾਲੀ ਹੈ। ਚੀਫ ਜਸਟਿਸ ਦੱਤਾ ਦੀ ਅਗਵਾਈ ਵਾਲੇ ਬੈਂਚ ਨੇ ਵਕੀਲ ਅਭਿਜੀਤ ਮੰਗਾਡੇ ਦੀ ਜਨਹਿਤ ਪਟੀਸ਼ਨ 'ਤੇ ਸੁਣਵਾਈ ਦੌਰਾਨ ਇਹ ਸਵਾਲ ਉਠਾਇਆ। ਵਕੀਲ ਨੇ ਕਿਹਾ ਕਿ ਮੁੰਬਈ ਤੇ ਠਾਣੇ ਦੇ ਕੁਝ ਨਿੱਜੀ ਹਸਪਤਾਲ ਰੋਗੀਆਂ ਤੋਂ ਪੀ ਪੀ ਈ ਕਿੱਟ, ਦਸਤਾਨੇ ਤੇ ਐੱਨ 95 ਮਾਸਕ ਦੀ ਬਹੁਤ ਜ਼ਿਆਦਾ ਕੀਮਤ ਲੈ ਰਹੇ ਹਨ। ਕੋਰਟ ਨੇ ਸੂਬਾ ਸਰਕਾਰ ਤੇ ਦੋ ਹਸਪਤਾਲਾਂ ਨੂੰ ਜਵਾਬੀ ਐਫੀਡੇਵਿਟ ਦਾਇਰ ਕਰਨ ਦਾ ਨਿਰਦੇਸ਼ ਦਿੱਤਾ ਹੈ, ਜਿਹੜੀ ਅਗਲੀ ਪੇਸ਼ ਮੌਕੇ ਪੇਸ਼ ਕੀਤਾ ਜਾਵੇਗਾ।

# ਗੁਰਮੀਤ ਰਾਮ ਰਹੀਮ ਨੇ ਜੇਲ੍ਹ ਵਿੱਚੋਂ ਲਿਖੇ ਪੱਤਰ ਵਿੱਚ ਕਿਹਾ, ਮੈਂ ਸਾਰੀ ਉਮਰ ਲਈ ਗੁਰੂ ਹਾਂ



ਚੰਡੀਗੜ੍ਹ, 29 ਜੁਲਾਈ (ਪੋਸਟ ਬਿਊਰੋ)- ਡੇਰਾ ਸੱਚਾ ਸੌਦਾ ਸਿਰਸਾ ਦੇ ਮੁਖੀ ਤੇ ਜੇਲ੍ਹ ਵਿੱਚ ਸਜ਼ਾ ਭੁਗਤ ਰਹੇ ਗੁਰਮੀਤ ਰਾਮ ਰਹੀਮ ਨੇ ਗੁਰੂ ਗੱਦੀ ਬਾਰੇ ਸਪੱਸ਼ਟ ਕੀਤਾ ਹੈ ਕਿ ਉਹੀ ਗੁਰੂ ਰਹਿਣਗੇ।

ਜੇਲ੍ਹ ਵਿੱਚੋਂ ਸੰਗਤ ਦੇ ਨਾਂਅ ਲਿਖੀ ਗਈ ਚਿੱਠੀ ਵਿੱਚ ਡੇਰਾ ਮੁਖੀ ਨੇ ਲਿਖਿਆ ਹੈ ਕਿ ਉਹ ਜੀਵਨ ਭਰ ਗੁਰੂ ਦੇ ਫਰਜ਼ ਨਿਭਾਉਂਦੇ ਰਹਿਣਗੇ। ਹਿੰਦੀ ਵਿੱਚ ਲਿਖੇ ਪੱਤਰ ਵਿੱਚ ਉਨ੍ਹਾਂ ਨੇ ਕੋਰੋਨਾ ਮਹਾਮਾਰੀ ਤੋਂ ਖੁਦ ਨੂੰ ਬਚਾਉਣ ਲਈ ਵੀ ਸੰਗਤ ਨੂੰ ਸੰਦੇਸ਼ ਦਿੱਤੇ ਹਨ। ਇਹ ਪੱਤਰ ਡੇਰੇ ਤੋਂ ਮੀਡੀਆ ਨੂੰ ਜਾਰੀ ਹੋਇਆ ਹੈ। ਡੇਰਾ ਮੁਖੀ ਨੇ ਡੇਰਾ ਪ੍ਰੇਮੀ ਵੀਰਪਾਲ ਕੌਰ ਵੱਲੋਂ ਲਾਏ ਦੋਸ਼ਾਂ ਦੇ ਵੀ ਲੜੀਵਾਰ ਜਵਾਬ ਦਿੱਤੇ ਅਤੇ ਲਿਖਿਆ ਹੈ ਕਿ ਡੇਰੇ ਵਿੱਚ ਕੋਈ ਗੁੱਟਬਾਜ਼ੀ ਨਹੀਂ ਹੈ। ਡੇਰੇ ਦੀ ਸੰਗਤ ਚੰਗੀ ਤਰ੍ਹਾਂ ਆਪਣੀ ਜ਼ਿੰਮੇਵਾਰੀ ਨਿਭਾ ਰਹੀ ਹੈ। ਵੀਰਪਾਲ ਦਾ ਨਾਂਅ ਲਏ ਬਿਨਾਂ ਕਿਹਾ ਕਿ ਜੇ ਕੋਈ ਦਿਨ-ਰਾਤ ਨਿੰਦਾ ਕਰਦਾ ਹੈ ਤਾਂ ਉਹ ਮੇਰਾ ਚੇਲਾ ਨਹੀਂ ਹੋ ਸਕਦਾ। ਉਨ੍ਹਾਂ ਨੇ ਡੇਰਾ ਪ੍ਰੇਮੀਆਂ ਨੂੰ ਅਜਿਹੇ ਲੋਕਾਂ ਤੋਂ ਦੂਰ ਰਹਿਣ ਦਾ ਸੰਦੇਸ਼ ਦਿੱਤਾ ਹੈ। ਵਰਨਣ ਯੋਗ ਹੈ ਕਿ ਵੀਰਪਾਲ ਕੌਰ ਨੇ ਪਿਛਲੇ ਦਿਨੀਂ ਡੇਰੇ ਦੇ ਅੰਦਰ ਗੁੱਟਬਾਜ਼ੀ ਅਤੇ ਐਡਮਿਨ ਬਲਾਕ ਦੀ ਨਿੰਦਾ ਕੀਤੀ ਸੀ। ਵੀਰਪਾਲ ਨੇ ਇੱਕ ਚੈਨਲ 'ਤੇ ਕਿਹਾ ਸੀ ਕਿ 2007 ਵਿੱਚ ਡੇਰਾ ਮੁਖੀ ਨੇ ਗੁਰੂ ਗੋਬਿੰਦ ਸਿੰਘ ਜੀ ਵਰਗੀ ਪੁਸ਼ਾਕ ਪਹਿਨ ਕੇ ਜੋ ਸਾਂਗ ਰਚਿਆ ਸੀ, ਉਹ ਪੁਸ਼ਾਕ ਸੁਖਬੀਰ ਸਿੰਘ ਬਾਦਲ ਨੇ ਡੇਰਾ ਮੁਖੀ ਨੂੰ ਭੇਟ ਕੀਤੀ ਸੀ। ਉਸ ਦੇ ਖਿਲਾਫ ਅਕਾਲੀ ਦਲ ਨੇ ਇਸ ਬਾਰੇ ਚੰਡੀਗੜ੍ਹ ਵਿੱਚ ਕੇਸ ਦਰਜ ਕਰਨ ਦੀ ਮੰਗ ਬਾਰੇ ਐੱਸ ਐੱਸ ਪੀ ਨੂੰ ਇੱਕ ਸ਼ਿਕਾਇਤ ਦਿੱਤੀ ਹੈ। ਡੇਰੇ ਵਿੱਚ ਗੁਟਬਾਜ਼ੀ ਦਾ ਮੁੱਦਾ ਵਾਰ-ਵਾਰ ਉਠਾਉਣ ਬਾਰੇ ਆ ਰਹੇ ਬਿਆਨਾਂ ਨੂੰ ਦੇਖਦੇ ਹੋਏ ਡੇਰਾ ਮੁਖੀ ਦਾ ਇਹ ਪੱਤਰ ਖਾਸ ਮਹੱਤਵ ਰੱਖਦਾ ਹੈ।

# ਮੁਲਤਾਨੀ ਕੇਸ ਵਿਚ ਗਵਾਹ ਨੂੰ ਧਮਕਾਉਣ ਵਾਲੇ ਸਾਬਕਾ ਪੁਲਸ ਅਫ਼ਸਰਾਂ ਖ਼ਿਲਾਫ਼ ਕੇਸ ਦਰਜ

ਮੁਹਾਲੀ, 29 ਜੁਲਾਈ (ਪੋਸਟ ਬਿਊਰੋ)- ਪੰਜਾਬ ਪੁਲਸ ਦੇ ਸਾਬਕਾ ਡੀ ਜੀ ਪੀ ਸੁਮੇਧ ਸੈਣੀ ਦੇ ਖ਼ਿਲਾਫ਼ ਮੁਹਾਲੀ ਜ਼ਿਲੇ ਦੇ ਮਟੌਰ ਥਾਣੇ ਵਿੱਚ ਦਰਜ ਅਪਰਾਧਕ ਕੇਸ ਵਿੱਚ ਨਾਮਜ਼ਦ ਚੰਡੀਗੜ੍ਹ ਪੁਲਸ ਦੇ ਦੋ ਸੇਵਾ ਮੁਕਤ ਇੰਸਪੈਕਟਰਾਂ ਅਨੋਖ ਸਿੰਘ ਵਾਸੀ ਸੈਕਟਰ-21 ਅਤੇ ਜਗੀਰ ਸਿੰਘ ਵਾਸੀ ਸੈਕਟਰ-51 ਦੇ ਖ਼ਿਲਾਫ਼ ਗਵਾਹ ਨੂੰ ਧਮਕਾਉਣ ਦਾ ਇੱਕ ਹੋਰ ਕੇਸ ਦਰਜ ਕੀਤਾ ਗਿਆ ਹੈ। ਪੁਲਸ ਨੇ ਇਹ ਕਾਰਵਾਈ ਪੰਜਾਬ ਪੁਲਸ ਦੇ ਸਾਬਕਾ ਅਧਿਕਾਰੀ ਗੁਰਮੀਤ ਸਿੰਘ ਉਰਫ਼ ਪਿੰਕੀ ਦੀ ਸ਼ਿਕਾਇਤ ਉੱਤੇ ਕੀਤੀ ਅਤੇ ਦੋਵਾਂ ਸਾਬਕਾ ਇੰਸਪੈਕਟਰਾਂ ਖ਼ਿਲਾਫ਼ ਕੇਸ ਦਰਜ ਕਰ ਲਿਆ ਹੈ ਪਰ ਇਸ ਬਾਰੇ ਕੋਈ ਵੀ ਅਧਿਕਾਰੀ ਬੋਲਣ ਲਈ ਤਿਆਰ ਨਹੀਂ



ਅਤੇ ਇੱਕ-ਦੂਜੇ 'ਤੇ ਗੱਲ ਸੁੱਟ ਰਹੇ ਹਨ। ਗੁਰਮੀਤ ਸਿੰਘ ਪਿੰਕੀ ਨੇ ਦੱਸਿਆ ਕਿ ਪਿਛਲੇ ਦਿਨੀਂ ਉਹ ਲਾਂਡਰਾਂ ਨੇੜੇ ਆਪਣੇ ਸੂਰਾਂ ਦੇ ਫਾਰਮ ਵਿੱਚ ਮੌਜੂਦ ਸੀ ਤਾਂ ਅਨੋਖ ਸਿੰਘ, ਜੋ ਉਸ ਦਾ ਪੁਰਾਣਾ ਦੋਸਤ ਹੈ, ਉਸ ਨੂੰ ਕਹਿਣਾ ਲੱਗਾ ਕਿ ਉਹ ਵੀ ਇੱਥੇ ਆਪਣੀ ਜ਼ਮੀਨ ਵਿੱਚ ਫਾਰਮ ਬਣਾਉਣਾ ਚਾਹੁੰਦਾ ਹੈ। ਫਾਰਮ 'ਤੇ ਹੋਈ ਗੱਲਬਾਤ ਅਨੋਖ ਸਿੰਘ ਨੇ ਰਿਕ-ਾਰਡ ਕਰ ਲਈ ਅਤੇ ਮਗਰੋਂ ਮੀਡੀਆ ਕਰਮੀ ਨੂੰ ਦੇ ਦਿੱਤੀ। ਇਸ ਮਗਰੋਂ ਅਨੋਖ ਸਿੰਘ ਅਤੇ ਜਗੀਰ ਸਿੰਘ ਉਸ ਕੋਲ ਆਏ ਅਤੇ ਉਸ ਨੂੰ ਧਮਾਕਉਣ ਲੱਗੇ ਕਿ ਜੇ ਉਸ ਨੇ ਗਵਾਹੀ ਦਿੱਤੀ ਤਾਂ ਉਸ ਨੂੰ ਗੰਭੀਰ ਸਿੱਟੇ ਭੁਗਤਣੇ ਪੈਣਗੇ। ਇਸ ਮਗਰੋਂ ਉਸ ਨੇ ਪੁਲਸ ਨੂੰ ਸ਼ਿਕਾਇਤ ਦੇ ਦਿੱਤੀ।

# ਸੁਰੇਸ਼ ਕੁਮਾਰ ਨੇ ਫਿਰ ਦਫ਼ਤਰ ਸੰਭਾਲਿਆ, ਮੁੱਖ ਮੰਤਰੀ ਨੇ ਵੱਡੀ ਜ਼ਿੰਮੇਵਾਰੀ ਦਿੱਤੀ

ਚੰਡੀਗੜ੍ਹ, 29 ਜੁਲਾਈ (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਦੇ ਪ੍ਰਿੰਸੀਪਲ ਚੀਫ ਸੈਕਟਰ ਸੁਰੇਸ਼ ਕੁਮਾਰ ਨੇ ਕੱਲ੍ਹ ਦੁਬਾਰਾ ਚਾਰਜ ਸੰਭਾਲ ਲਿਆ ਹੈ। ਪੰਜਾਬ ਸੈਕਟਰੀਏਟ ਵਿੱਚ ਉਨ੍ਹਾਂ ਦੇ ਜਾਂਦੇ ਸਾਰ ਮੁੱਖ ਮੰਤਰੀ ਨੇ ਉਨ੍ਹਾਂ ਨੂੰ ਇੱਕ ਅਹਿਮ ਜ਼ਿੰਮੇਵਾਰੀ ਸੌਂਪਦੇ ਹੋਏ ਪੰਜਾਬ ਯੂਥ ਕਾਂਗਰਸ ਨੂੰ ਸਰਕਾਰ ਦੀਆਂ ਪ੍ਰਾਪਤੀਆਂ ਤੇ ਬਰਗਾੜੀ ਕੇਸ ਦੀ ਜਾਂਚ ਵਰਗੇ ਅਹਿਮ ਮੁੱਦਿਆਂ ਦੀ ਲਗਾਤਾਰ ਜਾਣਕਾਰੀ ਦੇਣ ਲਈ ਇੱਕ ਅਫਸਰ ਤਾਇਨਾਤ ਕਰਨ ਦੇ ਨਿਰਦੇਸ਼ ਦਿੱਤੇ ਹਨ ਤਾਂ ਜੋ ਲੋਕਾਂ ਵਿੱਚ ਕੀਤੇ ਜਾ ਰਹੇ ਗੁੰਮਰਾਹਕੁੰਨ ਪ੍ਰਚਾਰ ਦੀ ਥਾਂ ਉਨ੍ਹਾਂ ਤੱਕ ਸਹੀ ਤੱਥ ਪੁੱਜਦੇ ਕੀਤੇ ਜਾ ਸਕਣ।

ਇਸ ਸੰਬੰਧ ਵਿੱਚ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਜ਼ਿਲ੍ਹਿਆਂ ਵਿਚਲੇ ਡਿਪਟੀ ਕਮਿਸ਼ਨਰਾਂ ਅਤੇ ਐਸ ਐਸ ਪੀਜ਼ ਨੂੰ ਪੰਜਾਬ ਯੂਥ ਕਾਂਗਰਸ ਦੇ ਜ਼ਿਲ੍ਹਾ ਪ੍ਰਧਾਨਾਂ ਨਾਲ ਉਨ੍ਹਾਂ ਦੇ ਮਸਲੇ ਸੁਲਝਾਉਣ ਅਤੇ ਸੂਬੇ ਦੀ ਨੌਜਵਾਨੀ ਦੀਆਂ ਚਿੰਤਾਵਾਂ ਦੂਰ ਕਰਨ ਲਈ ਲਗਾਤਾਰ ਮਿਲਦੇ ਰਹਿਣ ਦੇ ਵੀ ਨਿਰਦੇਸ਼ ਦਿੱਤੇ ਹਨ। ਮੁੱਖ ਮੰਤਰੀ ਦੀ ਸਰਗਰਮੀ ਨੂੰ ਦੇਖ ਕੇ ਸਿਆਸੀ ਗਲਿਆਰਿਆਂ ਵਿੱਚ ਚਰਚਾ ਛਿੜ ਗਈ ਹੈ ਕਿ ਸਰਕਾਰ 2022 ਲਈ ਚੋਣ ਮੋਡ ਵਿੱਚ ਆ ਗਈ ਹੈ। ਇਸ ਬਾਰੇ ਪੰਜਾਬ ਯੂਥ ਕਾਂਗਰਸ ਦੇ ਪ੍ਰਧਾਨ ਬਰਿੰਦਰ ਢਿੱਲੋਂ ਅਤੇ ਉਨ੍ਹਾਂ ਦੀ ਟੀਮ ਨਾਲ ਵੀਡੀਓ ਕਾਨਫਰੰਸਿੰਗ ਦੌਰਾਨ ਮੁੱਖ ਮੰਤਰੀ ਨੇ ਕਿਹਾ ਕਿ ਬਰਗਾੜੀ ਕੇਸ ਵਿੱਚ ਇਸ ਕਰਕੇ ਦੇਰੀ ਹੋਈ ਹੈ ਕਿ ਸੀ ਬੀ ਆਈ ਵੱਲੋਂ ਕੇਸ ਦੀ ਜਾਂਚ ਤੇ ਫਾਈਲ ਮੋੜਨ ਤੋਂ ਨਾਂਹ ਕੀਤੀ ਜਾ ਰਹੀ ਹੈ। ਇਸ ਮੌਕੇ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਰਾਜ ਸਰਕਾਰ ਨੇ ਕਾਂਗਰਸ ਦੇ 2017 ਦੇ ਚੋਣ ਮੈਨੀਫੈਸਟੋ ਵਿੱਚ ਕੀਤੇ 562 ਵਾਅਦਿਆਂ ਵਿੱਚੋਂ 435 ਪੂਰੇ ਕਰ ਦਿੱਤੇ ਹਨ ਅਤੇ ਆਪਣੇ ਕਾਰਜਕਾਲ ਦੌਰਾਨ ਬਾਕੀ ਦੇ ਵਾਅਦਿਆਂ ਨੂੰ ਵੀ ਪੂਰਾ ਕਰਨ ਦੇ ਰਾਹ 'ਤੇ ਵਧ ਰਹੀ ਹੈ। ਉਨ੍ਹਾਂ ਨੇ ਯੂਥ ਆਗੂਆਂ ਨੂੰ ਇਹ ਭਰੋਸਾ ਦਿੱਤਾ ਕਿ ਕੋਵਿਡ ਦੀ ਸਥਿਤੀ ਵਿੱਚ ਸੁਧਾਰ ਹੁੰਦੇ ਸਾਰ ਪਹਿਲੇ ਪੜਾਅ ਵਿੱਚ ਸਰਕਾਰੀ ਯੂਨੀਵਰਸਿਟੀਆਂ ਵਿੱਚ ਵਿਦਿਆਰਥੀ ਚੋਣਾਂ ਕਰਵਾਈਆਂ ਜਾਣਗੀਆਂ, ਜਦ ਕਿ ਪ੍ਰਾਈਵੇਟ ਸੰਸਥਾਨਾਂ ਵਿੱਚ ਇਹ ਚੋਣਾਂ ਬਾਅਦ ਵਿੱਚ ਹੋਣਗੀਆਂ।

# ਤੇਜ਼ਧਾਰ ਹਥਿਆਰਾਂ ਨਾਲ ਨੌਜਵਾਨ ਦਾ ਕਤਲ

ਚੋਹਲਾ ਸਾਹਿਬ, 29 ਜੁਲਾਈ (ਪੋਸਟ ਬਿਊਰੋ)- ਜ਼ਿਲ੍ਹਾ ਤਰਨ ਤਾਰਨ ਦੇ ਪਿੰਡ ਘੜਕਾ ਵਿੱਚ ਨੌਜਵਾਨ ਦਾ ਕਤਲ ਹੋ ਗਿਆ। ਇਸ ਬਾਰੇ ਚੋਹਲਾ ਸਾਹਿਬ ਪੁਲਸ ਨੇ ਅਣਪਛਾਤੇ ਕਾਤਲਾਂ ਖ਼ਿਲਾਫ਼ ਕਤਲ ਕੇਸ ਦਰਜ ਕਰ ਲਿਆ ਹੈ।

ਪੁਲਸ ਨੂੰ ਦਰਜ ਦਿੱਤੇ ਬਿਆਨਾਂ 'ਚ ਬਲਕਾਰ ਸਿੰਘ ਪੁੱਤਰ ਫੌਜਾ ਸਿੰਘ ਵਾਸੀ ਘੜਕਾ ਨੇ ਦੱਸਿਆ ਕਿ ਉਸ ਦਾ ਵੱਡਾ ਲੜਕਾ ਜੁਗਰਾਜ ਸਿੰਘ ਉਰਫ ਜੱਗਾ (18 ਸਾਲ) ਉਸ ਨਾਲ ਖੇਤੀ ਦੇ ਕੰਮ ਵਿੱਚ ਹੱਥ ਵਟਾਉਂਦਾ ਸੀ ਤੇ ਸ਼ਾਮ ਸਮੇਂ ਦੌੜ ਵੀ ਲਾਉਂਦਾ ਸੀ। 27 ਜੁਲਾਈ ਦੀ ਸ਼ਾਮ ਜੁਗਰਾਜ ਸਿੰਘ ਦੌੜ ਲਾਉਣ ਲਈ ਘਰੋਂ ਗਿਆ ਤਾਂ ਆਪਣਾ ਮੋਬਾਈਲ ਵੀ ਨਾਲ ਲੈ ਗਿਆ। ਰਾਤ ਕਰੀਬ 9 ਵਜੇ ਉਸ ਦੋਸਤ ਹਰਮਨਦੀਪ ਸਿੰਘ ਆਇਆ ਤੇ ਦੱਸਿਆ, 'ਇੱਕ ਨੌਜਵਾਨ ਬੜੀ ਤੇਜ਼ ਰਫ਼ਤਾਰ 'ਚ ਦੌੜ ਰਿਹਾ ਸੀ, ਜਿਸ ਦੇ ਪਿੱਛੇ ਜੁਗਰਾਜ ਸਿੰਘ ਭੱਜ ਰਿਹਾ ਸੀ ਤੇ ਕਹਿ ਰਿਹਾ ਸੀ ਕਿ ਮੇਰਾ ਮੋਬਾਈਲ ਮੋੜ ਦੇ।' ਇਸ 'ਤੇ ਉਸ ਨੇ ਪਿੰਡ ਦੇ ਮੋਹਤਬਰਾਂ ਨੂੰ ਨਾਲ ਲੈ ਕੇ ਨਜ਼ਦੀਕੀ ਖੇਤਾਂ ਵਿੱਚ ਭਾਲ ਕੀਤੀ ਤਾਂ ਸਵੇਰੇ ਉਸ ਨੂੰ ਲੜਕੇ ਦੀ ਲਾਸ਼ ਸਰਵਣ ਸਿੰਘ ਦੇ ਖੇਤਾਂ ਵਿੱਚ ਪਈ ਮਿਲੀ ਜਿਸ ਦੀ ਗਰਦਨ ਉਪਰ ਤੇਜ਼ਧਾਰ ਹਥਿਆਰਾਂ ਨਾਲ ਵਾਰ ਕੀਤੇ ਗਏ ਸਨ। ਇਸ ਬਾਰੇ ਥਾਣਾ ਮੁਖੀ ਸੋਨਮਦੀਪ ਕੌਰ ਨੇ ਦੱਸਿਆ ਕਿ ਮੁੱਦਈ ਦੇ ਬਿਆਨਾਂ 'ਤੇ ਅਣਪਛਾਤੇ ਵਿਅਕਤੀ ਖ਼ਿਲਾਫ਼ ਧਾਰਾ 302 ਦਾ ਕੇਸ ਦਰਜ ਕਰਕੇ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।



## ਯੂ ਐੱਨ ਨੇ ਅਫਗਾਨ ਵਿਚਲੇ ਸਿੱਖਾਂ ਉੱਤੇ ਹਮਲੇ ਦਾ ਦਸਤਾਵੇਜ਼ ਬਣਾਇਆ



ਯੂ ਐੱਨ ਓ, 29 ਜੁਲਾਈ (ਪੋਸਟ ਬਿਊਰੋ)- ਅਫਗਾਨਿਸਤਾਨ ਵਿੱਚ ਯੂ ਐੱਨ ਮਿਸ਼ਨ ਨੇ ਸਿੱਖ ਭਾਈਚਾਰੇ ਅਤੇ ਹੋਰਨਾਂ ਧਾਰਮਿਕ ਘੱਟ ਗਿਣਤੀਆਂ 'ਤੇ ਇਸਲਾਮਿਕ ਅੱਤਵਾਦੀਆਂ ਵੱਲੋਂ ਕੀਤੇ ਹਮਲਿਆਂ ਦਾ ਦਸਤਾਵੇਜ਼ ਬਣਾਇਆ ਅਤੇ ਕਿਹਾ ਹੈ ਕਿ ਜੰਗ ਮਾਰੇ ਦੇਸ਼ ਵਿੱਚ ਸਾਲ 2020 ਦੀ ਪਹਿਲੀ ਛਿਮਾਹੀ ਵਿੱਚ 3400 ਤੋਂ ਵੱਧ ਲੋਕ ਪ੍ਰਭਾਵਤ ਹੋਏ ਹਨ।

ਮਿਲੀ ਸੂਚਨਾ ਅਨੁਸਾਰ ਅਫਗਾਨਿਸਤਾਨ ਵਿਚ ਯੂ ਐੱਨ ਸਹਾਇਤਾ ਮਿਸ਼ਨ ਦੀ 'ਦ ਪ੍ਰੋਟੈਕਸ਼ਨ ਆਫ ਸਿਵਲੀਅਨ ਇਨ ਆਰਮਡ ਕੰਫਲਿਕਟ' ਦੀ ਛਿਮਾਹੀ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ 2020 ਦੇ ਪਹਿਲੇ ਛੇ ਮਹੀਨੇ 'ਚ ਆਮ ਲੋਕਾਂ ਉਤੇ ਹੋਏ ਹਮਲੇ ਵਿੱਚ ਉਤਾਰ-ਚੜ੍ਹਾਅ ਦੇਖਿਆ ਗਿਆ ਹੈ। ਯੂ ਐਨ ਦੇ ਦਸਤਾਵੇਜ਼ਾਂ ਮੁਤਾਬਕ ਕੁੱਲ 3458 ਲੋਕ ਪ੍ਰਭਾਵਤ ਹੋਏ ਹਨ ਤੇ ਇਨ੍ਹਾਂ ਵਿੱਚੋਂ 1282 ਲੋਕ ਮਾਰੇ ਗਏ ਹਨ, ਜਦ ਕਿ 2176 ਲੋਕ ਜ਼ਖਮੀ ਹੋਏ ਹਨ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਯੂ ਐੱਨ ਮਿਸ਼ਨ ਅਫਗਾਨਿਸਤਾਨ ਵਿੱਚ ਇਸਲਾਮਕ ਸਟੇਟ ਆਫ ਇਰਾਕ ਐਂਡ ਲੇਵੈਂਟ-ਖੁਰਾਸਾਨ ਪ੍ਰੋਵਿੰਸ (ਆਈ ਐੱਸ ਆਈ ਐੱਲ-ਕੇ ਪੀ) ਵੱਲੋਂ ਸਿੱਖ ਅਤੇ ਸ਼ੀਆ ਮੁਸਲਿਮ ਆਬਾਦੀ 'ਤੇ ਕੀਤੇ ਗਏ ਹਮਲਿਆਂ ਦਾ ਵੀ ਮੁਲਾਂਕਣ ਕਰ ਰਿਹਾ ਹੈ। ਇਸ ਰਿਪੋਰਟ ਮੁਤਾਬਕ 2019 ਦੇ ਪਹਿਲੇ ਛੇ ਮਹੀਨਿਆਂ ਦੇ ਮੁਕਾਬਲੇ ਪ੍ਰਭਾਵਤਾਂ ਦੀ ਗਿਣਤੀ ਵਿੱਚ 13 ਫੀਸਦੀ ਕਮੀ ਆਈ ਹੈ, ਪਰ ਅਫਗਾਨਿਸਤਾਨ ਅਜੇ ਵੀ ਆਮ ਨਾਗਰਿਕਾਂ ਲਈ ਸਭ ਤੋਂ ਖਤਰਨਾਕ ਥਾਵਾਂ ਵਿੱਚੋਂ ਹੈ। ਇਸ ਸਾਲ ਮਾਰਚ ਵਿੱਚ ਕੁਝ ਹਥਿਆਰਬੰਦ ਅੱਤਵਾਦੀਆਂ ਅਤੇ ਆਤਮਘਾਤੀ ਹਮਲਾਵਰਾਂ ਨੇ ਕਾਬੁਲ ਦੇ ਸ਼ੋਰ ਬਾਜ਼ਾਰ ਇਲਾਕੇ ਵਿੱਚ ਇੱਕ ਸਿੱਖ ਗੁਰਦੁਆਰੇ 'ਤੇ ਹਮਲਾ ਕੀਤਾ ਸੀ, ਜਿਸ ਵਿੱਚ 25 ਸਿੱਖ ਮਾਰੇ ਗਏ ਸਨ।

ਪਾਕਿਸਤਾਨੀ ਨਾਗਰਿਕ ਅਤੇ ਆਈ ਐੱਸ ਆਈ ਐੱਲ-ਕੇ ਦਾ ਮੁਖੀ ਅਸਲਮ ਫਾਰੂਕੀ ਇਸ ਗੁਰਦੁਆਰੇ 'ਤੇ ਹੋਏ ਹਮਲੇ ਦਾ ਮਾਸਟਰ ਮਾਈਂਡ ਸੀ। ਇਸ ਹਮਲੇ ਪਿੱਛੋਂ ਅਪ੍ਰੈਲ ਅਤੇ ਮਈ ਵਿੱਚ ਅਫਗਾਨ ਸੁਰੱਖਿਆ ਬਲਾਂ ਨੇ ਅੱਤਵਾਦੀਆਂ ਦੇ ਖਿਲਾਫ ਦੇਸ਼ ਪੱਧਰੀ ਮੁਹਿੰਮ ਚਲਾਈ ਸੀ, ਜਿਸ ਪਿੱਛੋਂ ਫਾਰੂਕੀ ਤੇ ਉਸ ਟੋਲੇ ਦੇ ਸਾਬਕਾ ਮੁਖੀ ਜ਼ਿਆ ਉਲ ਹਕ ਸਣੇ ਦੂਜੇ ਅੱਤਵਾਦੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਸੀ। ਰਿਪੋਰਟ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਪ੍ਰਭਾਵਤ ਨਾਗਰਿਕਾਂ ਦੀ ਗਿਣਤੀ ਵਿੱਚ ਕਮੀ ਤਾਲਿਬਾਨ ਅਤੇ ਅਫਗਾਨ ਸੁਰੱਖਿਆ ਬਲਾਂ ਵੱਲੋਂ ਕੀਤੀ ਗਈ ਕਾਰਵਾਈ ਕਾਰਨ ਨਹੀਂ ਆਈ।

## ਮਲੇਸ਼ੀਆ ਦੇ ਸਾਬਕਾ ਪ੍ਰਧਾਨ ਮੰਤਰੀ ਰੱਜ਼ਾਕ ਨੂੰ ਅਰਬਾਂ ਡਾਲਰ ਦੇ ਘਪਲੇ ਲਈ 12 ਸਾਲ ਜੇਲ੍ਹ



ਕੁਆਲਾਲੰਪੁਰ, 29 ਜੁਲਾਈ (ਪੋਸਟ ਬਿਊਰੋ)- ਮਲੇਸ਼ੀਆ ਦੀ ਇੱਕ ਅਦਾਲਤ ਨੇ ਸਾਬਕਾ ਪ੍ਰਧਾਨ ਮੰਤਰੀ ਨਜੀਬ ਰੱਜ਼ਾਕ (67) ਨੂੰ ਸਰਕਾਰੀ ਨਿਵੇਸ਼ ਫੰਡ 'ਚੋਂ ਅਰਬਾਂ ਡਾਲਰ ਦੇ ਘਪਲੇ ਦੇ ਮਾਮਲੇ 'ਚ ਕੱਲ੍ਹ ਦੋਸ਼ੀ ਕਰਾਰ ਦਿੰਦੇ ਹੋਏ 12 ਸਾਲ ਜੇਲ੍ਹ ਦੀ ਸਜ਼ਾ ਸੁਣਾਈ ਹੈ। ਇਹ ਫ਼ੈਸਲਾ ਨਵੀਂ ਸੱਤਾਧਾਰੀ ਗਠਜੋੜ ਸਰਕਾਰ 'ਚ ਨਸੀਬ ਦੀ ਮਲਯ ਪਾਰਟੀ ਦੇ ਵੱਡੇ ਸਹਿਯੋਗੀ ਦੇ ਰੂਪ 'ਚ ਸ਼ਾਮਲ ਹੋਣ ਦੇ ਪੰਜ ਮਹੀਨੇ ਬਾਅਦ ਆਇਆ ਹੈ। ਘਪਲੇ ਨੂੰ ਲੈ ਕੇ ਜਨਤਾ ਦੇ ਗੁੱਸੇ ਕਾਰਨ 2018 'ਚ ਨਸੀਬ ਦੀ ਪਾਰਟੀ ਨੂੰ ਸੱਤਾ ਤੋਂ ਬਾਹਰ ਹੋਣਾ ਪਿਆ ਸੀ।

ਅਦਾਲਤ ਦੇ ਬਾਹਰ ਮੌਜੂਦ ਨਜੀਬ ਦੇ ਸਮੱਰਥਕ ਇਸ ਫ਼ੈਸਲੇ ਬਾਰੇ ਜਾਣਨ ਤੋਂ ਬਾਅਦ ਰੋਣ ਲੱਗੇ। ਦੂਜੇ ਪਾਸੇ ਨਜੀਬ ਨੇ ਕਿਹਾ ਕਿ ਉਹ ਅੰਤ ਤੱਕ ਲੜਾਈ ਲੜਣਗੇ। ਉਨ੍ਹਾਂ ਅੱਗੇ ਅਪੀਲ ਕਰਨ ਦੀ ਗੱਲ ਕਹੀ ਹੈ। ਨਜੀਬ ਦਾ ਕਹਿਣਾ ਹੈ ਕਿ ਬੇਵਕੂਫ ਸ਼ਾਹੂਕਾਰ ਨੇ ਉਨ੍ਹਾਂ ਨੂੰ ਗੁੰਮਰਾਹ ਕੀਤਾ ਤੇ ਉਨ੍ਹਾਂ ਖ਼ਿਲਾਫ਼ ਮਾਮਲਾ ਰਾਜਨੀਤਕ ਹੈ। ਮਲੇਸ਼ੀਆ ਦੇ ਸਭ ਤੋਂ ਪ੍ਰਮੁੱਖ ਰਾਜਨੀਤਕ ਪਰਵਾਰਾਂ 'ਚੋਂ ਇੱਕ ਦੇ ਵੰਸ਼ ਨਜੀਬ ਪੰਜ ਵੱਖ-ਵੱਖ ਕੇਸਾਂ 'ਚ 42 ਦੋਸ਼ਾਂ ਦਾ ਸਾਹਮਣਾ ਕਰ ਰਹੇ ਹਨ। ਨਜੀਬ ਦੇ ਪਿਤਾ ਅਤੇ ਚਾਚਾ ਦੇਸ਼ ਦੇ ਦੂਜੇ ਅਤੇ ਤੀਜੇ ਪ੍ਰਧਾਨ ਮੰਤਰੀ ਸਨ। ਰੱਜ਼ਾਕ ਉਤੇ ਇੱਕ ਇੰਟਰਨੈਸ਼ਨਲ ਕੰਪਨੀ ਤੋਂ 4.2 ਕਰੋੜ ਰਿੰਗੀਤ (98 ਲੱਖ ਡਾਲਰ) ਦੀ ਰਾਸ਼ੀ ਆਪਣੇ ਬੈਂਕ ਖਾਤੇ 'ਚ ਪੁਆਉਣ ਦਾ ਦੋਸ਼ ਸੀ।

## ਪ੍ਰੀਤਮ ਸਿੰਘ ਸਿੰਗਾਪੁਰ ਦੀ ਪਾਰਲੀਮੈਂਟ ਵਿੱਚ ਆਪੋਜ਼ੀਸ਼ਨ ਆਗੂ ਬਣੇ



ਸਿੰਗਾਪੁਰ, 29 ਜੁਲਾਈ (ਪੋਸਟ ਬਿਊਰੋ)- ਭਾਰਤੀ ਮੂਲ ਦੇ ਰਾਜਸੀ ਆਗੂ ਪ੍ਰੀਤਮ ਸਿੰਘ ਨੂੰ ਸਿੰਗਾਪੁਰ ਦੀ ਪਾਰਲੀਮੈਂਟ ਵਿੱਚ ਵਿਰੋਧੀ ਧਿਰ ਦਾ ਨੇਤਾ ਨਾਮਜ਼ਦ ਕੀਤਾ ਗਿਆ ਹੈ। ਇਹ ਇਤਿਹਾਸ ਵਿੱਚ ਪਹਿਲੀ ਅਜਿਹੀ ਨਿਯੁਕਤੀ ਹੈ।

ਪ੍ਰੀਤਮ ਸਿੰਘ ਦੀ ਵਰਕਰਜ਼ ਪਾਰਟੀ ਨੇ 10 ਜੁਲਾਈ ਨੂੰ ਹੋਈਆਂ ਆਮ ਚੋਣਾਂ ਵਿੱਚ 10 ਸੀਟਾਂ ਜਿੱਤੀਆਂ ਤੇ ਇਹ ਸਿੰਗਾਪੁਰ ਦੀ ਪਾਰਲੀਮੈਂਟ ਵਿੱਚ ਸਭ ਤੋਂ ਵੱਡੀ ਵਿਰੋਧੀ ਪਾਰਟੀ ਬਣ ਗਈ ਸੀ। 43 ਸਾਲਾ ਪ੍ਰੀਤਮ ਸਿੰਘ ਦੀ ਪਾਰਟੀ ਨੇ 93 ਸੀਟਾਂ 'ਤੇ ਚੋਣਾਂ ਲੜੀਆਂ ਸਨ। ਪਾਰਲੀਮੈਂਟਰੀ ਦਫਤਰ ਨੇ ਬਿਆਨ ਜਾਰੀ ਕੀਤਾ ਕਿ ਸਿੰਗਾਪੁਰ ਦੀ ਪਾਰਲੀਮੈਂਟ ਵਿੱਚ ਕਦੇ ਵੀ ਵਿਰੋਧੀ ਧਿਰ ਦੇ ਨੇਤਾ ਦਾ ਅਹੁਦਾ ਨਹੀਂ ਰਿਹਾ ਅਤੇ ਨਾ ਸੰਵਿਧਾਨ ਜਾਂ ਪਾਰਲੀਮੈਂਟ ਦੇ ਸਥਾਈ ਹੁਕਮਾਂ ਵਿੱਚ ਅਜਿਹੇ ਅਹੁਦੇ ਦਾ ਪ੍ਰਬੰਧ ਹੈ, ਪਰ ਇਹ ਇੱਕ ਤਰ੍ਹਾਂ ਸੰਕੇਤਕ ਸਥਿਤੀ ਹੈ।

## ਇਟਲੀ ਵਿੱਚ ਬਿੱਲੀਆਂ-ਕੁੱਤਿਆਂ ਵਿੱਚ ਸਾਰਸ ਕੋਵ ਦੇ ਅੰਸ਼ ਮਿਲੇ



ਲੰਡਨ, 29 ਜੁਲਾਈ (ਪੋਸਟ ਬਿਊਰੋ)- ਵਿਗਿਆਨੀਆਂ ਨੂੰ ਇਟਲੀ ਦੇ ਇੱਕ ਹਿੱਸੇ ਵਿੱਚ ਪਾਲਤੂ ਕੁੱਤਿਆਂ ਅਤੇ ਬਿੱਲੀਆਂ ਵਿੱਚ ਸਾਰਸ ਕੋਵ-2 ਵਾਇਰਸ ਨੂੰ ਕਿਰਿਆਹੀਣ ਕਰਨ ਵਾਲੇ ਐਂਟੀਬਾਡੀਜ਼ ਪਾਏ ਹਨ, ਜਿਸ ਨਾਲ ਇਹ ਸੰਕੇਤ ਮਿਲਦਾ ਹੈ ਕਿ ਪਾਲਤੂ ਜਾਨਵਰਾਂ ਨੂੰ ਵੀ ਇਹ ਬਿਮਾਰੀ ਹੋ ਸਕਦੀ ਹੈ।

ਬ੍ਰਿਟੇਨ ਦੀ ਲਿਵਰਪੂਲ ਯੂਨੀਵਰਸਿਟੀ ਦੇ ਖੋਜਕਾਰਾਂ ਅਤੇ ਹੋਰਨਾਂ ਨੇ ਉਤਰੀ ਇਟਲੀ ਤੋਂ 500 ਪਾਲਤੂ ਜਾਨਵਰਾਂ ਦੇ ਨਮੂਨੇ ਲਏ ਸਨ। ਉਨ੍ਹਾਂ ਨੇ ਪਾਇਆ ਕਿ ਕੋਈ ਵੀ ਜਾਨਵਰ ਪੀ ਸੀ ਆਰ ਜਾਂਚ ਵਿੱਚ ਪੀੜਤ ਨਹੀਂ ਪਾਇਆ ਗਿਆ, ਪਰ 3.4 ਫੀਸਦੀ ਕੁੱਤਿਆਂ ਤੇ 3.9 ਫੀਸਦੀ ਬਿੱਲੀਆਂ ਵਿੱਚ ਸਾਰਸ ਕੋਵ-2 ਨੂੰ ਕਿਰਿਆਹੀਣ ਕਰਨ ਵਾਲੇ ਐਂਟੀਬਾਡੀਜ਼ ਮਹੱਤਵ ਪੂਰਨ ਮਾਤਰਾ ਵਿੱਚ ਮਿਲੇ ਹਨ। ਇਸ ਅਧਿਐਨ ਵਿੱਚ ਇਹ ਨਤੀਜਾ ਸਾਹਮਣੇ ਆਇਆ ਕਿ ਕੋਰੋਨਾ ਵਾਇਰਸ ਨਾਲ ਪੀੜਤ ਲੋਕਾਂ ਦੇ ਪਰਵਾਰਾਂ ਵਿੱਚ ਕੁੱਤਿਆਂ ਦੇ ਪੀੜਤ ਹੋਣ ਦੀ ਸੰਭਾਵਨਾ ਨੈਗੇਟਿਵ ਨਤੀਜੇ ਆਉਣ ਵਾਲੇ ਘਰਾਂ ਦੇ ਮੁਕਾਬਲੇ ਜ਼ਿਆਦਾ ਹੈ। ਹਾਲੇ ਇਸ ਅਧਿਐਨ ਦੀ ਸਮੀਖਿਆ ਬਾਕੀ ਹੈ। ਲਿਵਰਪੂਲ ਯੂਨੀਵਰਸਿਟੀ ਦੇ ਪ੍ਰੋਫੈਸਰ ਐਲਨ ਰੈਡਫੋਰਡ ਨੇ ਕਿਹਾ ਕਿ ਕੋਈ ਵੀ ਜਾਨਵਰ ਪੀੜਤ ਨਹੀਂ ਪਾਇਆ ਗਿਆ। ਲੋਕਾਂ ਨੂੰ ਇਹ ਜਾਨਣ ਦੀ ਲੋੜ ਹੈ ਕਿ ਪੀੜਤ ਲੋਕਾਂ ਦੇ ਘਰਾਂ ਦੇ ਜਾਨਵਰਾਂ ਵਿੱਚ ਲਗਭਗ ਨਿਸ਼ਚਿਤ ਰੂਪ ਨਾਲ ਵਾਇਰਸ ਹੋਵੇਗਾ ਅਤੇ ਰਿਸਰਚ ਵਿੱਚ ਇਹ ਵੀ ਸਬੂਤ ਮਿਲੇ ਹਨ ਕਿ ਉਹ ਪੀੜਤ ਵੀ ਹੋਏ ਹੋਣਗੇ। ਰੈਡਫੋਰਡ ਨੇ ਕਿਹਾ, ਭਾਵੇਂ ਕਿ ਇਹ ਵੀ ਧਿਆਨ ਦੇਣ ਦੀ ਗੱਲ ਹੈ ਕਿ ਪਾਲਤੂ ਜਾਨਵਰਾਂ ਤੋਂ ਇਨਸਾਨਾਂ ਵਿੱਚ ਇਸ ਵਾਇਰਸ ਦੇ ਫੈਲਣ ਦੇ ਸਬੂਤ ਨਹੀਂ ਮਿਲੇ ਹਨ।

## ਸਾਊਥ ਚਾਈਨਾ ਸੀ ਆਈਲੈਂਡ ਕੇਸ 'ਤੇ ਵਿਰੋਧ ਨਾਲ ਚੀਨ ਫਿਰ ਭੜਕਿਆ

ਬੀਜਿੰਗ, 29 ਜੁਲਾਈ (ਪੋਸਟ ਬਿਊਰੋ)- ਸਾਊਥ ਚਾਈਨਾ ਸੀ ਆਈਲੈਂਡ ਉੱਤੇ ਚੀਨ ਦੇ ਦਾਵੇ ਨੂੰ ਚੁਣੌਤੀ ਦਿੱਤੇ ਜਾਣ ਨਾਲ ਭੜਕੇ ਹੋਏ ਚੀਨ ਨੇ ਆਸਟ੍ਰੇਲੀਆ ਨੂੰ ਆਰਥਿਕ ਪਾਬੰਦੀਆਂ ਦੀਆਂ ਚੇਤਾਵਨੀ ਦਿੱਤੀ ਹੈ।

ਚੀਨ ਦੇ ਸਰਕਾਰੀ ਅਖ਼ਬਾਰ ਗਲੋਬਲ ਟਾਈਮਸ ਨੇ ਲਿਖਿਆ ਹੈ ਕਿ ਆਸਟ੍ਰੇਲੀਆ ਨੇ ਇਹ ਕਦਮ ਉਠਾਉਣ ਤੋਂ ਪਹਿਲਾਂ ਸ਼ਾਇਦ ਇਸਦੇ ਨਤੀਜੇ ਦੇ ਬਾਰੇ ਵਿੱਚ ਨਹੀਂ ਸੋਚਿਆ ਹੈ। ਅਖ਼ਬਾਰ ਨੇ ਲਿਖਿਆ ਹੈ ਕਿ ਚੀਨ ਅਤੇ ਆਸਟ੍ਰੇਲੀਆ ਦੇ ਰਿਸ਼ਤੇ ਪਹਿਲਾਂ ਹੀ ਖ਼ਰਾਬ ਹੋ ਰਹੇ ਹਨ, ਅਜਿਹੇ ਵਿੱਚ ਆਸਟ੍ਰੇਲੀਆ ਨੇ ਚੀਨ ਨੂੰ ਚੁਣੌਤੀ ਦੇ ਕੇ ਸਮਝਦਾਰੀ ਦਾ ਕੰਮ ਨਹੀਂ ਕੀਤਾ ਅਤੇ ਇਸਦੇ ਬਦਲੇ ਚੀਨ ਆਸਟ੍ਰੇਲੀਆ ਤੋਂ ਆਉਣ ਵਾਲੇ ਬੀਫ ਅਤੇ ਵਾਈਨ 'ਤੇ ਪਾਬੰਦੀਆਂ ਲਾ ਸਕਦਾ ਹੈ। ਅਖ਼ਬਾਰ ਮੁਤਾਬਕ ਫਾਈਵ ਆਈਸ ਅਲਾਇੰਸ ਦੇ ਹੋਰ ਦੇਸ਼ ਇਸ ਕੇਸ ਵਿੱਚ ਚੀਨ ਨੂੰ ਨਾਰਾਜ਼ ਨਹੀਂ ਕਰਨਾ ਚਾਹੁੰਦੇ, ਇਹੀ ਕਾਰਨ ਹੈ ਕਿ ਸਾਊਥ ਚਾਈਨਾ ਸੀ ਮਾਮਲੇ ਵਿੱਚ ਯੂ ਕੇ, ਕੈਨੇਡਾ ਅਤੇ ਨਿਊਜ਼ੀਲੈਂਡ ਕੁਝ ਨਹੀਂ ਬੋਲੇ, ਪਰ ਸਿਰਫ ਆਸਟ੍ਰੇਲੀਆ ਹੀ ਅਮਰੀਕਾ ਦਾ ਪਿਛਲਗੂ ਬਣ ਕੇ ਵਿਹਾਰ ਕਰ ਰਿਹਾ ਹੈ। ਜਿੱਥੋਂ ਤੱਕ ਵਿਦੇਸ਼ ਨੀਤੀ ਦੀ ਗੱਲ ਹੈ, ਯੂ ਕੇ ਅਮਰੀਕਾ ਦਾ ਸਹਿਯੋਗੀ ਹੋਣ ਕਾਰਨ ਵੇਟ ਐਂਡ ਵਾਚ ਦੀ ਨੀਤੀ 'ਤੇ ਚੱਲ ਰਿਹਾ ਹੈ ਅਤੇ ਕੈਨੇਡਾ ਦੁਆਰਾ ਹੁਵਾਵੇਈ ਦੇ ਅਧਿਕਾਰੀਆਂ 'ਤੇ ਕੀਤੀ ਕਾਰਵਾਈ ਦੇ ਬਾਅਦ ਚੀਨ-ਕੈਨੇਡਾ ਦੇ ਰਿਸ਼ਤੇ ਪਹਿਲਾਂ ਹੀ ਖ਼ਰਾਬ ਹਨ। ਇਸ ਕਰ ਕੇ ਕੈਨੇਡਾ ਇਨ੍ਹਾਂ ਨੂੰ ਹੋਰ ਜ਼ਿਆਦਾ ਖ਼ਰਾਬ ਨਹੀਂ ਕਰਨਾ ਚਾਹੁੰਦਾ। ਨਿਊਜ਼ੀਲੈਂਡ ਨੇ ਵੀ ਇਸ ਬਾਰੇ ਚੁੱਪੀ ਹੀ ਧਾਰੀ ਹੋਈ ਹੈ ਜਦਕਿ ਆਸਟ੍ਰੇਲੀਆ ਇਸ ਮਾਮਲੇ ਵਿੱਚ ਬਿਨਾਂ ਸੋਚੇ ਚੀਨ ਦਾ ਵਿਰੋਧ ਕਰ ਰਿਹਾ ਹੈ ਤੇ ਇਹ ਵਿਰੋਧ ਉਸਦੇ ਆਉਣ ਵਾਲੇ ਸਮੇਂ ਵਿੱਚ ਭਾਰੀ ਪੈ ਸਕਦਾ ਹੈ। ਅਖ਼ਬਾਰ ਲਿਖਦਾ ਹੈ ਕਿ ਆਸਟ੍ਰੇਲੀਆ ਨੇ ਇਸ ਮਾਮਲੇ ਵਿੱਚ ਆਪਣੀ ਰਣਨੀਤੀ ਅਮਰੀਕਾ ਨੂੰ ਦੇਖ ਕੇ ਤਹਿ ਕੀਤੀ ਹੈ। ਅਮਰੀਕਾ ਦੇ ਵਿਦੇਸ਼ ਮੰਤਰੀ ਮਾਈਕ ਪੋਮੀਪਓ ਨੇ 13 ਜੁਲਾਈ ਨੂੰ ਇਸ ਮਾਮਲੇ ਵਿੱਚ ਚੀਨ ਦਾ ਖੁੱਲ੍ਹਾ ਵਿਰੋਧ ਕਰਨ ਵਾਲਾ ਬਿਆਨ ਜਾਰੀ ਕੀਤਾ ਸੀ ਤੇ ਇਸ ਦੇ ਬਾਅਦ ਆਸਟ੍ਰੇਲੀਆ ਨੇ ਚੀਨ ਦਾ ਵਿਰੋਧ ਕੀਤਾ ਹੈ।


# GREAT OPPOURTUNITY TO INVEST IN NIAGRA FALLS



- Freehold Traditional 2-Storey townhouse
- 3 Bedroom + 2 Bedroom finished basement
- Deposit less than 10% in 5 months

Starting from low 400,000

✓ Freehold ✓ 25x100ft lot
✓ Individual Yard & Driveway ✓ Finished Basement

40k Deposit Structure
$10,000 Submitted with offer
$10,000 Submitted 90 days after Offer Date
$20,000 Submitted 150 days after Offer Date

Jagdish Grewal
Sales Representative



Residential | Commercial | Investment

(416) 970-5005

Century 21 President Realty Inc Brokerage* Independently Owned and Operated.

www.vipcondonetwork.com
27 Armthorpe Rd Brampton #3, ON L6T 5M4 | Fax : 905-488-2101

Office: 905-488-2100 Ext. 348

# ਫਿਲਮੀ ਦੁਨੀਆ

## ਫਿਲਮਾਂ ਬੰਦ ਮੁੱਠੀ ਹੁੰਦੀਆਂ ਹਨ : ਕੁਣਾਲ ਖੇਮੂ



ਦੋ ਵਾਰ ਰਿਲੀਜ਼ ਡੇਟ ਬਦਲਣ ਦੇ ਬਾਅਦ ਕੁਣਾਲ ਖੇਮੂ ਐਕਟਿੰਗ ਫਿਲਮ ‘ਲੂਟਕੇਸ’ ਡਿਜ਼ਨੀ ਪਲੱਸ ਹੌਟਸਟਾਰ 'ਤੇ ਰਿਲੀਜ਼ ਹੋ ਰਹੀ ਹੈ। ਇਸ ਦੀ ਕਹਾਣੀ ਮੱਧਵਰਗੀ ਵਿਅਕਤੀ ਨੰਦਨ ਨੂੰ ਰੁਪਿਆਂ ਨਾਲ ਭਰਿਆ ਇੱਕ ਸੂਟਕੇਸ ਮਿਲਣ ਦੀ ਘਟਨਾ ਦੇ ਆਲੇ ਦੁਆਲੇ ਘੁੰਮਦੀ ਹੈ। ਨੰਦਨ ਦਾ ਕਿਰਦਾਰ ਨਿਭਾਇਆ ਹੈ ਕੁਣਾਲ ਖੇਮੂ ਨੇ। ਆਪਣੇ ਕਿਰਦਾਰ, ਬੇਟੀ ਇਨਾਇਆ ਕਾਰਨ ਆਪਣੇ ਵਿੱਚ ਆਏ ਬਦਲਾਵਾਂ ਦੀਆਂ ਗੱਲਾਂ ਸਾਂਝੀਆਂ ਕੀਤੀਆਂ। ਪੇਸ਼ ਹਨ ਕੁਣਾਲ ਖੇਮੂ ਨਾਲ ਹੋਈ ਗੱਲਬਾਤ ਦੇ ਕੁਝ ਅੰਸ਼ :

* ਫਿਲਮ ਨੂੰ ਡਿਜੀਟਲ ਪਲੇਟਫਾਰਮ 'ਤੇ ਰਿਲੀਜ਼ ਕੀਤੇ ਜਾਣ ਦਾ ਉਤਸ਼ਾਹ ਕੀ ਥੀਏਟਰ ਰਿਲੀਜ਼ ਵਾਂਗ ਹੀ ਹੈ?

-ਥੀਏਟਰ ਵਿੱਚ ਫਿਲਮ ਰਿਲੀਜ਼ ਕਰਨ ਦਾ ਇੱਕ ਵਾਧੂ ਉਤਸ਼ਾਹ ਅਤੇ ਦਬਾਅ ਹੁੰਦਾ ਹੈ। ਥੀਏਟਰ ਵਿੱਚ ਫਿਲਮ ਰਿਲੀਜ਼ ਹੋਣ ਦੇ ਬਾਅਦ ਹਫਤੇ ਦੇ ਅਖੀਰ ਵਿੱਚ ਇਸ ਦੀ ਕਮਾਈ ਅਤੇ ਲੋਕਾਂ ਦੀ ਪ੍ਰਤੀਕਿਰਿਆ ਤੈਅ ਕਰਦੀ ਹੈ ਕਿ ਅਭਿਨੇਤਾ ਤੇ ਫਿਲਮ ਨਾਲ ਜੁੜੇ ਲੋਕਾਂ ਨੂੰ ਅੱਗੇ ਕਿਸ ਤਰ੍ਹਾਂ ਦਾ ਕੰਮ ਮਿਲੇਗਾ। ਡਿਜੀਟਲ ਪਲੇਟਫਾਰਮ 'ਤੇ ਫਿਲਮ ਰਿਲੀਜ਼ ਨਾਲ ਹਫਤੇ ਦੇ ਅਖੀਰ ਵਿੱਚ ਕਮਾਈ ਦਾ ਦਬਾਅ ਨਹੀਂ, ਪਰ ਇਹ ਸੱਚ ਹੈ ਕਿ ਉਤਸ਼ਾਹ ਇੱਛਾ ਮੁਤਾਬਕ ਘੱਟ ਹੈ। ਹਾਲਾਂਕਿ ਮੌਜੂਦਾ ਹਾਲਾਤਾਂ ਵਿੱਚ ਡਿਜੀਟਲ ਪਲੇਟਫਾਰਮ 'ਤੇ ਫਿਲਮ ਰਿਲੀਜ਼ ਕਰਨ ਤੋਂ ਬਿਹਤਰ ਹੋਰ ਕੁਝ ਨਹੀਂ ਹੋ ਸਕਦਾ ਹੈ।

* ਨੰਦਨ ਦੇ ਕਿਰਦਾਰ ਲਈ ਕੀ ਵਿਸ਼ੇਸ਼ ਤਿਆਰੀ ਕਰਨੀ ਪਈ?

- ਮੈਂ ਖੁਦ ਮਿਹਨਤ ਨਾਲ ਹੌਲੀ-ਹੌਲੀ ਇਸ ਮੁਕਾਮ 'ਤੇ ਪਹੁੰਚਿਅ ਹਾਂ। ਨੰਦਨ ਦੀ ਤਰ੍ਹਾਂ ਚਾਲ ਵਿੱਚ ਰਹਿਣ ਵਾਲੇ ਲੋਕਾਂ ਦੀਆਂ ਸਮੱਸਿਆਵਾਂ ਮੈਂ ਚੰਗੀ ਤਰ੍ਹਾਂ ਜਾਣਦਾ ਹਾਂ। ਸ਼ੂਟਿੰਗ ਸ਼ੁਰੂ ਕਰਨ ਤੋਂ ਪਹਿਲਾਂ ਮੈਂ ਡਾਇਰੈਕਟਰ ਤੇ ਲੇਖਕ ਦੇ ਨਜ਼ਰੀਏ ਨਾਲ ਇਸ ਕਿਰਦਾਰ ਨੂੰ ਸਮਝਣ ਦੀ ਕੋਸ਼ਿਸ਼ ਕੀਤੀ। ਇਸ ਦੇ ਬਾਅਦ ਮੈਂ ਵਿਚਾਰਿਆ ਕਿ ਕਿਰਦਾਰ ਵਿੱਚ ਮੈਂ ਕੀ ਅਲੱਗ ਕਰ ਸਕਦਾ ਹਾਂ ਅਤੇ ਆਪਣੇ ਕਿਹੜੇ ਤਜਰਬਿਆਂ ਨੂੰ ਇਸ ਵਿੱਚ ਪਾ ਸਕਦਾ ਹਾਂ।

* ਡਾਇਰੈਕਟਰ ਨਾਲ ਪਹਿਲੀ ਮੁਲਾਕਾਤ ਤੁਸੀਂ ਨੰਦਨ ਦੇ ਪਹਿਰਾਵੇ ਵਿੱਚ ਕੀਤੀ ਸੀ...

- ਸਕ੍ਰਿਪਟ ਪੜ੍ਹਨ ਦੇ ਬਾਅਦ ਮੈਂ ਬਹਤ ਹੱਸਿਆ ਸੀ। ਡਾਇਰੈਕਟਰ ਰਾਜੇਸ਼ ਕ੍ਰਿਸ਼ਨਨ ਨਾਲ ਮੇਰੀ ਫੋਨ 'ਤੇ ਕਿਰਦਾਰ ਅਤੇ ਕਹਾਣੀ 'ਤੇ ਚਰਚਾ ਹੁੰਦੀ ਸੀ। ਫਾਕਸਸਟਾਰ ਸਟੂਡੀਓ ਵਿੱਚ ਉਨ੍ਹਾਂ ਨਾਲ ਪਹਿਲੀ ਮੁਲਾਕਾਤ ਦੌਰਾਨ ਮੈਂ ਨੰਦਨ ਬਣ ਕੇ ਪਹੁੰਚਿਆ ਸੀ। ਦਿਲਚਸਪ ਰਿਹਾ ਕਿ ਨੰਦਨ ਦੇ ਲੁਕ ਨੂੰ ਲੈ ਕੇ ਮੇਰੀ ਅਤੇ ਡਾਇਰੈਕਟਰ ਦੀ ਸੋਚ ਇੱਕੋ ਜਿਹੀ ਸੀ।

* ਇੱਕ ਨਵੇਂ ਡਾਇਰੈਕਟਰ ਦੇ ਨਾਲ ਕੰਮ ਕਰਨ ਵਿੱਚ ਕੋਈ ਝਿਜਕ ਹੋਈ?

-ਫਿਲਮਾਂ ਹਮੇਸ਼ਾ ਬੰਦ ਮੁੱਠੀ ਹੁੰਦੀਆਂ ਹਨ। ਆਪਣੇ ਕਰੀਅਰ ਵਿੱਚ ਮੈਂ ਸਿੱਖਿਆ ਹੈ ਕਿ ਫਿਲਮ ਲਈ ਕਹਾਣੀ ਦੇ ਨਾਲ ਉਸ ਨਾਲ ਜੁੜੀਆਂ ਬਾਕੀ ਚੀਜ਼ਾਂ ਵੀ ਮਹੱਤਵ ਪੂਰਨ ਹੁੰਦੀਆਂ ਹਨ। ਕਈ ਵਾਰ ਚੰਗੀਆਂ ਕਹਾਣੀਆਂ ਬਣਨ ਦੇ ਬਾਅਦ ਵੀ ਪਰਦੇ ਤੱਕ ਨਹੀਂ ਪਹੁੰਚਦੀਆਂ। ਕਦੇ-ਕਦੇ ਇੱਕ ਚੰਗੇ ਨਿਰਮਾਤਾ ਜਾਂ ਡਾਇਰੈਕਟਰ ਦੀ ਕਮੀ ਤੋਂ ਕਹਾਣੀ ਸੰਕਲਪਨਾ ਦੇ ਅਨੁਸਾਰ ਪਰਦੇ 'ਤੇ ਨਹੀਂ ਉਤਰ ਪਾਉਂਦੀ। ਇਸ ਲਈ ਮੈਨੂੰ ਲੱਗਦਾ ਹੈ ਕਿ ਚੰਗੀ ਕਹਾਣੀ ਦੇ ਨਾਲ ਜਾਂ ਤਾਂ ਡਾਇਰੈਕਟਰ ਅਨੁਭਵੀ ਹੋਣਾ ਚਾਹੀਦੈ ਜਾਂ ਪ੍ਰੋਡਕਸ਼ਨ ਹਾਊਸ ਵਿੱਚ ਡਾਇਰੈਕਟਰ ਦਾ ਚੰਗੀ ਤਰ੍ਹਾਂ ਮਾਰਗਦਰਸ਼ਨ ਕਰਨ ਦੀ ਸਮਰੱਥਾ ਚਾਹੀਦੀ ਹੈ। ਡਾਇਰੈਕਟਰ ਰਾਜੇਸ਼ ਕ੍ਰਿਸ਼ਨਨ ਦੀ ਇਹ ਪਹਿਲੀ ਫਿਲਮ ਹੈ, ਪਰ ਉਨ੍ਹਾਂ ਨੂੰ ਐਡ ਦੀ ਦੁਨੀਆ ਦਾ ਸਾਲਾਂ ਦਾ ਤਜਰਬਾ ਹੈ। ਫਿਲਮ ਦੇ ਨਾਲ ਫਾਕਸਸਟਾਰ ਵਰਗੇ ਵੱਡੇ ਪ੍ਰੋਡਕਸ਼ਨ ਹਾਊਸ ਦਾ ਨਾਂਅ ਜੁੜਨ ਨਾਲ ਭਰੋਸਾ ਵਧ ਜਾਂਦਾ ਹੈ।


* ਅਸਲ ਜ਼ਿੰਦਗੀ ਵਿੱਚ ਪਿਤਾ ਬਣਨ ਦੀ ਵਜ੍ਹਾ ਨਾਲ ‘ਲੂਟਕੇਸ’ ਵਿੱਚ ਕਿਰਦਾਰ ਨਿਭਾਉਣ ਵਿੱਚ ਕਿੰਨੀ ਮਦਦ ਮਿਲੀ?

- ਪਿਤਾ ਬਣਨ ਦੇ ਬਾਅਦ ਤੌਰ-ਤਰੀਕਿਆਂ ਅਤੇ ਵਿਹਾਰ ਵਿੱਚ ਬਦਲਾਅ ਆਉਂਦਾ ਹੈ। ਇੱਕ ਪਿਤਾ ਬੱਚੇ ਨੂੰ ਲੈ ਕੇ ਕਦੋਂ ਜ਼ਿਆਦਾ ਜਾਂ ਘੱਟ ਸੁਰੱਖਿਆਤਮਕ ਹੁੰਦਾ ਹੈ? ਇਸ ਨੂੰ ਮੈਂ ਬਾਖੂਬੀ ਸਮਝਦਾ ਹਾਂ। ਉਸ ਅਹਿਸਾਸ ਨੂੰ ਮੈਂ ਕਿਰਦਾਰ ਵਿਚ ਪਿਰੋਣ ਦੀ ਕੋਸ਼ਿਸ਼ ਕੀਤੀ ਹੈ।

* ਕੀ ਪ੍ਰੋਜੈਕਟ ਦੀ ਚੋਣ ਵੀ ਬੇਟੀ ਨੂੰ ਧਿਆਨ ਵਿੱਚ ਰੱਖ ਕਰਦੇ ਹੋ?

- ਮੈਂ ਪ੍ਰੋਜੈਕਟ ਦੀ ਚੋਣ ਪੂਰੇ ਪਰਵਾਰ ਨੂੰ ਧਿਆਨ ਵਿੱਚ ਰੱਖ ਕੇ ਕਰਦਾ ਹਾਂ। ਉਸ ਨੂੰ ਕਰਨ ਵਿੱਚ ਮੈਂ ਕਿੰਨਾ ਸਹਿਜ ਹਾਂ, ਮੇਰੀ ਫਿਲਮ ਦੇਖਣ ਦੇ ਬਾਅਦ ਪਰਵਾਰ ਦੀ ਕੀ ਪ੍ਰਤੀਕਿਰਿਆ ਹੋਵੇਗੀ, ਇਹ ਮੇਰੇ ਲਈ ਹਮੇਸ਼ਾ ਤੋਂ ਅਹਿਮ ਰਿਹਾ ਹੈ।

## ਖੁਦ ਉੱਤੇ ਖਰਚ ਨਹੀਂ ਕਰਦਾ : ਅਕਸ਼ੈ ਕੁਮਾਰ



52 ਸਾਲਾਂ ਦੀ ਉਮਰ 'ਚ ਵੀ ਅਕਸ਼ੈ ਕੁਮਾਰ ਦੀ ਫਿਲਮਾਂ ਪ੍ਰਤੀ ਲਗਨ ਅਤੇ ਊਰਜਾ ਦੇਖਦੇ ਹੀ ਬਣਦੀ ਹੈ। ਇਸ ਉਮਰ 'ਚ ਜਿੱਥੇ ਬਹੁਤ ਲੋਕ ਰਿਟਾਇਰਮੈਂਟ ਦੀਆਂ ਤਿਆਰੀਆਂ ਦੀ ਸੋਚਣ ਲੱਗਦੇ ਹਨ, ਬਾਲੀਵੁੱਡ ਦੇ ਖਿਡਾਰੀ ਕੁਮਾਰ ਹਰ ਸਾਲ ਸਭ ਤੋਂ ਵੱਧ ਫਿਲਮਾਂ ਕਰਨ ਵਾਲੇ ਚੋਣਵੇਂ ਸਿਤਾਰਿਆਂ 'ਚੋਂ ਇੱਕ ਹਨ। ਉਨ੍ਹਾਂ ਨਾਲ ਕਰੀਅਰ ਸ਼ੁਰੂ ਕਰਨ ਵਾਲਾ ਬਾਲੀਵੁੱਡ ਦਾ ਕੋਈ ਵੀ ਸਿਤਾਰਾ ਉਨ੍ਹਾਂ ਵਾਂਗ ਫਿਲਮਾਂ 'ਚ ਅੱਜ ਐਕਟਿਵ ਨਹੀਂ ਹੈ। ਕੰਮ ਪ੍ਰਤੀ ਸਮਰਪਣ ਭਾਵ ਦੇ ਨਾਲ-ਨਾਲ ਅਕਸ਼ੈ ਆਪਣੇ ਟਾਈਮ ਮੈਨੇਜਮੈਂਟ ਲਈ ਵੀ ਤਾਰੀਫਾਂ ਖੱਟਦੇ ਹਨ। ਉਹ ਹਰ ਸਾਲ ਕਿੰਨੀਆਂ ਹੀ ਫਿਲਮਾਂ ਦੀ ਸਮੇਂ ਸਿਰ ਸ਼ੂਟਿੰਗ ਪੂਰੀ ਕਰਦੇ ਹਨ ਅਤੇ ਆਪਣੇ ਪਰਵਾਰ ਨੂੰ ਵੀ ਪੂਰਾ ਸਮਾਂ ਦਿੰਦੇ ਹਨ।

ਇੱਕ ਆਊਟਸਾਈਡਰ ਦੇ ਰੂਪ ਵਿੱਚ ਫਿਲਮਾਂ ਵਿੱਚ ਕਦਮ ਰੱਖਣ ਤੋਂ ਬਾਅਦ ਲਗਭਗ ਤਿੰਨ ਦਹਾਕੇ ਲੰਬੇ ਆਪਣੇ ਕਰੀਅਰ ਵਿੱਚ ਲਗਭਗ ਹਰ ਤਰ੍ਹਾਂ ਦੇ ਰੋਲ ਬਾਖੂਬੀ ਨਿਭਾਉਣ ਵਾਲੇ ਅਕਸ਼ੈ ਦੀ ਐਕਟਿੰਗ ਦਾ ਅੱਜ ਹਰ ਕੋਈ ਪ੍ਰਸ਼ੰਸਕ ਹੈ। ਪਿਛਲੇ ਸਾਲ ‘ਕੇਸਰੀ’, ‘ਮਿਸ਼ਨ ਮੰਗਲ’, ‘ਹਾਊਸਫੁੱਲ 4’ ਅਤੇ ‘ਗੁੱਡ ਨਿਊਜ਼’ ਵਰਗੀਆਂ ਚਾਰ ਸੁਪਰਹਿੱਟ ਫਿਲਮਾਂ ਦੇਣ ਵਾਲੇ ਅਕਸ਼ੈ ਦੀਆਂ ਇਸ ਸਾਲ ਵੀ ਇੱਕ ਤੋਂ ਬਾਅਦ ਇੱਕ ਕਈ ਫਿਲਮਾਂ ਨੇ ਰਿਲੀਜ਼ ਹੋਣਾ ਸੀ, ਪਰ ਲਾਕਡਾਊਨ ਤੇ ਕੋਰੋਨਾ ਕਾਰਨ ਉਨ੍ਹਾਂ ਦੀ ਰਿਲੀਜ਼ ਟਲ ਗਈ। ਉਨ੍ਹਾਂ ਦੀਆਂ ਕੁਝ ਫਿਲਮਾਂ ਓ ਟੀ ਟੀ ਪਲੇਟਫਾਰਮਸ 'ਤੇ ਰਿਲੀਜ਼ ਹੋਣ ਜਾ ਰਹੀਆਂ ਹਨ, ਜਿਨ੍ਹਾਂ 'ਚ ਸਭ ਤੋਂ ਪਹਿਲਾਂ ਦੇਖਣ ਨੂੰ ਮਿਲੇਗੀ ‘ਲਕਸ਼ਮੀ ਬੰਬ’ ਇਸ ਤੋਂ ਇਲਾਵਾ ਉਨ੍ਹਾਂ ਹੋਰ ਫਿਲਮਾਂ 'ਚ ‘ਪ੍ਰਿਥਵੀਰਾਜ’, ‘ਸੂਰਜਵੰਸ਼ੀ’ ਅਤੇ ‘ਅਤਰੰਗੀ ਰੇ’ ਸ਼ਾਮਲ ਹਨ। ਪੇਸ਼ ਹਨ ਅਕਸ਼ੈ ਨਾਲ ਹੋਈ ਗੱਲਬਾਤ ਦੇ ਕੁਝ ਅੰਸ਼ :

* ਐਕਸ਼ਨ ਤੋਂ ਲੈ ਕੇ ਕਾਮੇਡੀ ਤੇ ਡਰਾਮਾ ਤੱਕ ਤੁਸੀਂ ਕਈ ਤਰ੍ਹਾਂ ਦੀਆਂ ਸ਼ੈਲੀਆਂ 'ਚ ਹੱਥ ਅਜ਼ਮਾ ਚੁੱਕੇ ਹੋ। ਕੋਈ ਵਿਸ਼ੇਸ਼ ਖੇਤਰ ਜਿਸ 'ਚ ਅਜੇ ਤੁਹਾਡੀ ਕੰਮ ਕਰਨ ਦੀ ਇੱਛਾ ਹੋਵੇ?

-ਇੱਕ ਦਹਾਕੇ ਤੋਂ ਉਲਟ ਅੱਜ ਦੇ ਦਰਸ਼ਕ ਸੈਨੇਟਰੀ ਪੈਡ (ਪੈਡਮੈਨ, ‘ਪਖਾਨੇ (ਟਾਇਲੈੱਟ : ਏਕ ਪ੍ਰੇਮ ਕਥਾ), ਆਈ ਵੀ ਐੱਫ (ਗੁੱਡ ਨਿਊਜ਼) ਤੇ ਸਪਰਮ ਡੋਨੇਸ਼ਨ (ਵਿੱਕੀ ਡੋਨਰ) ਵਰਗੇ ਵਿਸ਼ਿਆਂ 'ਤੇ ਫਿਲਮ ਦੇਖਣ ਲਈ ਤਿਆਰ ਹਨ। ਇੰਨੇ ਸਾਰੇ ਮੁੱਦਿਆਂ ਨੂੰ ਛੂਹਿਆ ਜਾ ਸਕਦਾ ਹੈ ਤੇ ਕਿੰਨੀਆਂ ਹੀ ਇਤਿਹਾਸਕ ਘਟਨਾਵਾਂ 'ਤੇ ਫਿਲਮਾਂ ਬਣਾਈਆਂ ਜਾ ਸਕਦੀਆਂ ਹਨ। ਮੈਂ ਇਹ ਸਭ ਕਰਨਾ ਚਾਹੁੰਦਾ ਹਾਂ। ਇੱਕ ਅਭਿਨੇਤਾ ਬਣਨ ਲਈ ਇਹ ਇੱਕ ਚੰਗਾ ਸਮਾਂ ਹੈ।

*ਲਾਕਡਾਊਨ ਕਾਰਨ ਤੁਹਾਡੀ ਫਿਲਮ ‘ਲਕਸ਼ਮੀ ਬੰਬ’ ਓ ਟੀ ਟੀ ਪਲੇਟਫਾਰਮ 'ਤੇ ਰਿਲੀਜ਼ ਹੋਣ ਜਾ ਰਹੀ ਹੈ। ਇਸ ਦੇ ਬਾਰੇ ਵਿੱਚ ਕੁਝ ਦੱਸੋ?

- ਮੈਂ ‘ਲਕਸ਼ਮੀ ਬੰਬ’ ਵਿੱਚ ਇੱਕ ਟ੍ਰਾਂਸਜੈਂਡਰ ਦਾ ਕਿਰਦਾਰ ਨਿਭਾ ਰਿਹਾ ਹਾਂ। ਇਹ ਅਜਿਹਾ ਵਿਸ਼ਾ ਹੈ ਜਿਸ ਨੂੰ ਫਿਲਮਾਂ 'ਚ ਕਿਸੇ ਨੇ ਨਹੀਂ ਛੂਹਿਆ। ਇਸ 'ਚ ਮੇਰਾ ਬਹੁਤ ਇੰਟੈਂਸ ਰੋਲ ਹੈ। ਮੈਂ ਖੁਦ ਕਦੇ ਏਦਾਂ ਦਾ ਕਿਰਦਾਰ ਨਹੀਂ ਨਿਭਾਇਆ ਹੈ। ਐਕਸਾਈਟਿਡ ਹਾਂ ਅਤੇ ਹਰ ਰੋਜ਼ ਆਪਣੇ ਬਾਰੇ ਕੁਝ ਨਵਾਂ ਸਿਖਿਆ ਹੈ ਇਸ ਫਿਲਮ ਨੇ ਮੈਨੂੰ ਬਹੁਤ ਕੁਝ ਸਿਖਾਇਆ ਹੈ ਅਤੇ ਖਾਸ ਤੌਰ 'ਤੇ ਲਿੰਗ ਸਮਾਨਤਾ ਦੇ ਬਾਰੇ 'ਚ।

* ਇਸ 'ਚ ਤੁਸੀਂ ਸਾੜ੍ਹੀ ਪਹਿਨੀ ਹੈ। ਸਾੜ੍ਹੀ 'ਚ ਸ਼ੂਟਿੰਗ ਕਰਨ ਦਾ ਤਜਰਬਾ ਕਿਹੋ ਜਿਹਾ ਰਿਹਾ?

- ਮੇਰੇ ਲਈ ਸਾੜ੍ਹੀ ਪਹਿਨਣਾ ਆਪਣੇ ਆਪ ਇੱਕ ਤਜਰਬਾ ਰਿਹਾ ਹੈ। ਸ਼ੂਟਿੰਗ ਦੇ ਪਹਿਲੇ ਇੱਕ-ਦੋ ਦਿਨ ਅਜਿਹੇ ਸਨ, ਜਦੋਂ ਸਾੜ੍ਹੀ ਖੁੱਲ੍ਹ ਜਾਂਦੀ ਸੀ। ਡਾਂਸ ਅਤੇ ਫਾਈਟ ਕਰਨਾ ਤਾਂ ਬਹੁਤ ਮੁਸ਼ਕਲ ਸੀ। ਮੇਰੇ ਲਈ ਪਹਿਲਾਂ ਕੁਝ ਦਿਨ ਸਾੜ੍ਹੀ 'ਚ ਚੱਲਣਾ ਵੀ ਮੁਸ਼ਕਲ ਸੀ। ਸ਼ਾਟ ਖਤਮ ਹੋਣ ਤੋਂ ਬਾਅਦ ਸਟਾਈਲਿਸਟ ਆ ਕੇ ਸਾੜ੍ਹੀ ਸੰਭਾਲ ਲੈਂਦੇ ਸਨ।

* ਆਪਣੇ ਬਚਪਨ ਦੀ ਕੋਈ ਦਿਲਚਸਪ ਯਾਦ ਸ਼ੇਅਰ ਕਰੋ?

- ਜਦੋਂ ਮੈਂ ਛੋਟਾ ਸੀ ਤਾਂ ਸਾਡੇ ਸਾਰੇ ਪਰਵਾਰ ਨੂੰ ਫਿਲਮਾਂ ਦੇਖਣ ਦਾ ਵੱਡਾ ਸ਼ੌਕ ਸੀ। ਮੁੰਬਈ ਦੇ ਸਾਯਨ 'ਚ ਰੂਪਮ ਥੀਏਟਰ 'ਚ ਅਸੀਂ ਫਿਲਮਾਂ ਦੇਖਣ ਜਾਂਦੇ ਸੀ। ਇਸ ਲਈ ਸ਼ਨੀਵਾਰ ਦਾ ਦਿਨ ਫਿਕਸ ਸੀ, ਕਿਉਂਕਿ ਪਾਪਾ ਦਾ ਹਾਫ-ਡੇ ਹੁੰਦਾ ਸੀ। ਫਿਲਮ ਦੇਖਣ ਲਈ ਪੂਰਾ ਦਿਨ ਖਾਣਾ ਨਹੀਂ ਖਾਂਦੇ ਸੀ ਕਿਉਂਕਿ ਪਰਵਾਰ ਦੀ ਆਰਥਿਕ ਸਥਿਤੀ ਖਾਸ ਚੰਗੀ ਨਹੀਂ ਸੀ ਤਾਂ ਫਿਲਮ ਦੇਖਣ ਦੌਰਾਨ ਸਨੈਕਸ ਲਈ ਪੈਸਾ ਬਚਾਉਂਦੇ ਸੀ।

* ਅੱਜ ਤੁਸੀਂ ਸਭ ਤੋਂ ਵੱਧ ਮਿਹਨਤਾਨਾ ਲੈਣ ਵਾਲੇ ਐਕਟਰਾਂ 'ਚੋਂ ਇੱਕ ਹੋ। ਪੈਸੇ ਦਾ ਤੁਹਾਡੇ ਲਈ ਕਿੰਨਾ ਮਹੱਤਵ ਹੈ?

- ਪੈਸਾ ਮੈਨੂੰ ਖੁਸ਼ ਨਹੀਂ ਕਰ ਸਕਦਾ, ਜੋ ਗੱਲ ਮੈਨੂੰ ਖੁਸ਼ੀ ਦਿੰਦੀ ਹੈ ਉਹ ਇਹ ਹੈ ਕਿ ਮੈਂ ਉਸ ਪੈਸੇ ਦੇ ਨਾਲ ਉਨ੍ਹਾਂ ਲੋਕਾਂ ਲਈ ਕੀ ਕਰ ਸਕਦਾ ਹਾਂ, ਜੋ ਮੈਨੂੰ ਪਿਆਰ ਤੇ ਪ੍ਰਵਾਹ ਕਰਦੇ ਹਨ। ਮੈਂ ਅਸਲ 'ਚ ਖੁਦ 'ਤੇ ਕੁਝ ਵੀ ਖਰਚ ਨਹੀਂ ਕਰਦਾ। ਮੈਂ ਬਹੁਤ ਘੱਟ ਚੀਜ਼ਾਂ ਇਸਤੇਮਾਲ ਕਰਨ ਵਾਲਾ ਆਦਮੀ ਹਾਂ।

## ਦਸ ਜਣਿਆਂ ਆਡੀਸ਼ਨ ਦਿੱਤਾ, ਪਰ ਕਿਸੇ ਨੂੰ ਰੋਲ ਨਹੀਂ ਮਿਲਿਆ : ਮਿਥਿਲਾ ਪਾਲਕਰ



ਬਾਲੀਵੁੱਡ ਵਿੱਚ ਇਸ ਸਮੇਂ ਪੱਖਪਾਤ ਬਾਰੇ ਸਾਰੇ ਖੁੱਲ੍ਹ ਕੇ ਬੋਲ ਰਹੇ ਹਨ ਅਤੇ ਫਿਲਮ ‘ਕੱਟੀ ਬੱਟੀ’ ਵਿੱਚ ਦਿਸੀ ਮਿਥਿਲਾ ਪਾਲਕਰ ਨੇ ਵੀ ਇਸ ਬਾਰੇ ਵਿੱਚ ਆਪਣੀ ਰਾਇ ਜ਼ਾਹਰ ਕੀਤੀ ਹੈ। ਇੱਕ ਮੀਡੀਆ ਪੋਰਟਲ ਨਾਲ ਗੱਲਬਾਤ ਦੇ ਦੌਰਾਨ ਉਸ ਨੇ ਕਿਹਾ ਕਿ ਇੰਡਸਟਰੀ ਵਿੱਚ ਬਰਾਬਰੀ ਵਾਲੇ ਮੌਕੇ ਪੈਦਾ ਕਰਨਾ ਬਹੁਤ ਮਹੱਤਵ ਪੂਰਨ ਹੈ। ਇਸ ਮੁੱਦੇ ਦੇ ਲਈ ਇੱਕ ਮਿਸਾਲ ਦਿੰਦੇ ਹੋਏ ਉਸ ਨੇ ਕਿਹਾ ਕਿ ਉਸ ਨਾਲ ਦਸ ਲੋਕਾਂ ਨੇ ਇੱਕ ਭੂਮਿਕਾ ਲਈ ਆਡੀਸ਼ਨ ਦਿੱਤਾ ਅਤੇ ਉਨ੍ਹਾਂ ਨੂੰ ਰੋਲ ਨਹੀਂ ਮਿਲਿਆ, ਪਰ ਕੁਝ ਲੋਕ ਅਜਿਹੇ ਵੀ ਹਨ ਜਿਨ੍ਹਾਂ ਨੇ ਆਡੀਸ਼ਨ ਨਹੀਂ ਦਿੱਤਾ ਅਤੇ ਉਨ੍ਹਾਂ ਕੋਲ ਕੰਮ ਹੈ।

ਮਿਥਿਲਾ ਨੇ ਜੋ ਚਾਰ ਸਾਲਾਂ ਵਿੱਚ ਹਾਸਲ ਕੀਤਾ ਹੈ, ਉਸ ਤੋਂ ਉਹ ਖੁਸ਼ ਹੈ। ਲਿਟਿਲ ਥਿੰਗਸ ਸਟਾਰ ਦਾ ਮੰਨਣਾ ਹੈ ਕਿ ਮੰਨੇ ਪ੍ਰਮੰਨੇ ਡਾਇਰੈਕਟਰਾਂ ਤੇ ਨਿਰਮਾਤਾਵਾਂ ਨਾਲ ਕੁਨੈਕਸ਼ਨ ਮਦਦ ਕਰਦਾ ਹੈ, ਪਰ ਇਹ ਸਿਫਾਰਸ਼ ਨਹੀਂ ਕਰਾਉਣਾ ਚਾਹੁੰਦੀ ਹੈ। ਜਲਦੀ ਹੀ ‘ਤ੍ਰਿਭੰਗਾ’ ਨਾਂਅ ਦੀ ਇੱਕ ਫਿਲਮ ਵਿੱਚ ਦਿਖਾਈ ਦੇਵੇਗੀ ਜਿਸ ਨੂੰ ਰੇਣੂਕਾ ਸ਼ਹਾਣੇ ਨੇ ਨਿਰਦੇਸ਼ਨ ਕੀਤਾ ਹੈ। ਇਸ ਵਿੱਚ ਕਾਜੋਲ ਅਤੇ ਤਨਵੀ ਆਜ਼ਮੀ ਵੀ ਮੁੱਖ ਭੂਮਿਕਾਵਾਂ ਵਿੱਚ ਹਨ। ਇਸ ਫਿਲਮ ਅਜੈ ਦੇਵਗਨ ਸਹਿ ਨਿਰਮ-ਾਤਾ ਹਨ ਅਤੇ ਇਸ ਨੂੰ ਲੋਕਪ੍ਰਿਯ ਸਟ੍ਰੀਮਿੰਗ ਪਲੇਟਫਾਰਮ ਨੈਟਫਲਿਕਸ 'ਤੇ ਰਿਲੀਜ਼ ਕੀਤਾ ਜਾਏਗਾ। ਫਿਲਮ ‘ਤ੍ਰਿਭੰਗਾ’ ਦੀ ਰਿਲੀਜ਼ ਤਰੀਕ ਅਜੇ ਤੱਕ ਸਾਹਮਣੇ ਨਹੀਂ ਆਈ ਹੈ।

# CLASSIFIEDS

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202


## ਪੇਪਰ ਡਲਿਵਰੀ ਵਾਸਤੇ ਕਾਮਿਆਂ ਦੀ ਜ਼ਰੂਰਤ
### ਸੈਰ ਸਪਾਟੇ ਨਾਲ ਹੁਣ ਕਰੋ ਕਮਾਈ

Flyer Distribution
ਅਸੀਂ ਪੇਪਰਾਂ ਦੀ ਡਲੀਵਰੀ ਕਰਦੇ ਹਾਂ ਅਤੇ ਸਾਨੂੰ ਵੀਕਡੇਜ਼ ਵਾਸਤੇ ਬੰਦਿਆਂ ਦੀ ਜ਼ਰੂਰਤ ਹੈ ਜਿਨ੍ਹਾਂ ਨੇ ਪੇਪਰਾਂ ਦਾ ਕੰਮ ਕੀਤਾ ਹੋਵੇ ਉਨ੍ਹਾਂ ਨੂੰ ਪਹਿਲ ਦਿੱਤੀ ਜਾਵੇਗੀ।
ਮਾਰਕਟਿੰਗ ਲਈ ਤਜਰੇਬੇਕਾਰ ਪ੍ਰੋਫ਼ੈਸ਼ਨਲਜ ਦੀ ਤੁਰੰਤ ਲੋੜ ਹੈ, ਵਧੀਆ ਪੈਕੇਜ
ਰੈਕਸਡੇਲ, ਮਾਲਟਨ ਅਤੇ ਬਰੈਂਪਟਨ ਦੇ ਨਿਵਾਸੀ ਹੀ ਕਾਲ ਕਰਨ।
ਹੋਰ ਜਾਣਕਾਰੀ ਲਈ ਕਾਲ ਕਰੋ। 416-726-9409 647-208-7011

CALL TODAY FOR ANY CLASSIFIED OR MATRIMONIAL AD !!!
905-793-2202

## ਫੈਨਸਾਂ ਜਾਂ ਘਰਾਂ ਦੇ ਰੰਗ ਕਰਨ ਲਈ ਇਕੋ ਨਾਂ, ਇਕੋ ਨੰ:
647 202 7902 ਜਾਂ 647 794 6514
8 ਸਾਲਾਂ ਦਾ ਤਜ਼ਰਬਾ। ਵਾਜਿਬ ਰੇਟ ਤੇ ਸਮੇ ਸਿਰ ਕੰਮ
ਰੇਟ: $14/ਘੰਟਾ

## ਟੱਰਕ ਤੇ ਟ੍ਰੇਲਰ ਰਿਪੇਅਰ ਸ਼ਾਪ ਨੂੰ ਮਕੈਨਿਕਾਂ ਦੀ ਲੋੜ ਹੈ
- 6 ਦਿਨ ਕੰਮ ਸੋਮਵਾਰ ਤੋ ਸ਼ਨੀਵਾਰ
- Biweekly payment
- Homely Environment
- ਵਧੀਆ ਤਨਖਾਹ

Minimum 1 year experience & Trained mechanic
ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
647.898.4042/416.505.6857
(Call from 9am to 6pm)

## Security Jobs - Security Guard Training - Licensing
GF1
Job Guaranteed after completion of the training
Weekend ਤੇ ਵੀ Security ਲਈ Training Classes ਲਗਾਈਆਂ ਜਾਂਦੀਆਂ ਹਨ
- Ministry of Community Safety and Correctional Services approved.
- We speak English, Hindi, Punjabi &Urdu.
- Training by Professional Instructors. First Aid & CPR certification included.
- Limited time offer:$199/-

We Also Provide All Level's of First Aid & CPR Training
- Emergency First Aid & CPR Level's A.B.C
- Standard First Aid & CPR Level's A.B.C.HCP
- Stay at Home Course
- Baby Sitting Course
- Little Rescuers

H.O: 1332 Khalsa Dr.,Unit 3,2nd Floor,Mississauga, L5S1W5 (Near Dixie Gurdwara)
647-710-7760
Email: info@gf1security.com

1085 Bellamy Rd (N) Unit #210 Scarbrough (Toronto)
647-929-7736
Web: www.gf1security.com
REVIVE EMS, CANADIAN RED CROSS Training Partner

## A/Z CITY DRIVER WANTED
INNOVATION Transportation
- A/Z City Drivers Needed
- Good Pay and good Mileage
- Day, Afternoon & Weekend Shifts
- Weekly Pay

$22 /Hour
- 7 Days Work
- All Shifts Available

Toronto ਤੇ Montreal ਲਈ ਵੀ ਡਰਾਇਵਰਾਂ ਦੀ ਲੋੜ ਹੈ
Call : 416- 268-9952
70 Delta Park Blvd, Unit # 4, Brampton

Call for Free Estimates
A-1 RENOVATION GTA INC
416-456-1462
OVER 15 YEARS OF SERVICE
Professionals in Completing Basements within 3 Weeks
$1,000
Services: Complete Basement, Tiles, Bathrooms, Plumbing, Laminate, Hardwood Floor, Painting
info@a1renovationgta.com
www.a1renovationgta.com
A-1 RENOVATION GTA INC.
22 Listcreek Road, Brampton L6p 2n6

## ਕੀ ਤੁਸੀਂ ਕੰਮ ਲੱਭ ਰਹੇ ਹੋ? ਤਾਂ ਅੱਜ ਹੀ ਕਾਲ ਕਰੋ!
AL EMPLOYMENT SERVICES INC
Looking for Experienced:
- Machine Operators
- AZ-DZ Drivers
- Forklift Driver
- Machine Mechanic
- Millwright's

(905) 564-2322 | (416) 700 0011
Monday-Friday (10am to 5:30pm)
6630 Tomken Rd., Mississauga, L5T 1N1

HOMELIFE SILVERCITY Realty Inc. Brokerage
Kulwinder Chhina
SALES REPRESENTATIVE
647.293.2327
www.Kulwinderchhina.com


## CELLNTELL DISTRIBUTION INC
### 1-401 Traders Blvd E, Mississauga. ON
Requires F/T Permanent Position. "General Manager Financial Communication and Services to do the following:
- Create and establish finance operational methods /policies or strategies by evaluating trends to increase the growth of business.
- Determine the company's mission and strategic direction as conveyed through policies and concrete objectives which are met through the effective management of human, financial and material resources
- Authorize and organize the establishment of major departments and associated senior staff positions
- Plan, Monitor and review job contributions and compensation strategies.
- Establish productivity, quality and customer service strategies.
- Conduct operation strategies to improve, reduce cost and system enhancement.
- Monitor and Manage support services for accounts and finance. Facilitate coordination and communication between support functions.
- Represent the organization, or delegate representatives to act in negotiations or other official functions.

Salary: $58 per hour with 35hrs week, Experience:5 yrs, Bachelor's Degree (Required) with English Proficiency.
Email Resume : umar.w@cellntell.com

PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE
WITH WARRANTY
SERVING GTA
CALL: 905-463-2153
Ants, Wasp, Centepede, Fleas, Bed Bugs

You can Place Your Business Here (905)793-2202
To Reach Wider Audience




Matrimonial
ਰਿਸ਼ਤੇ ਹੀ ਰਿਸ਼ਤੇ
Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

ਜੱਟ ਸਿੱਖ ਗਰੇਵਾਲ ਲੜਕਾ, 1994, ਕੱਦ 6'2'', ਜੋ ਕਿ ਆਸਟ੍ਰੇਲੀਆ 'ਚ ਸਟੱਡੀ ਵੀਜ਼ੇ 'ਤੇ ਰਹਿ ਰਿਹਾ ਹੈ, ਲਈ ਕੈਨੇਡਾ ਤੋਂ ਲੜਕੀ ਦੀ ਲੋੜ ਹੈ। ਲੜਕੇ ਦੀ ਇਕ ਭੈਣ ਕੈਨੇਡਾ (ਟੋਰਾਂਟੋ) ਤੇ ਦੂਸਰੀ ਭੈਣ ਆਸਟ੍ਰੇਲੀਆ 'ਚ ਸੈਟਲਡ ਹੈ। ਲੜਕੇ ਦੇ ਮਾਤਾ ਜੀ ਸੁਪਰ ਵੀਜ਼ੇ 'ਤੇ ਕੈਨੇਡਾ ਆਏ ਹੋਏ ਹਨ। ਸੰਪਰਕ:-647-772-6650, ਵਟਸ ਐਪ ਨੰਬਰ:- 99156-62207

Match for Handsome Jat Sikh boy 40/5'10"(Issueless divorce), B.Tech, M.S (USA) Working in MNC as Senior Software Engineer in the USA. Family of Doctors and Engineers. Please respond with recent pics. Email match52020@gmail.com, Whats-app: +91-9815787350

ਜੱਟ ਸਿਖ, 40 ਸਾਲ ਉਮਰ, 1/5 ਸਾਲਾ ਦਾ ਲੜਕਾ, ਬੀ ਫਾਰਮੇਸੀ, ਅਪਨਾ ਬਿਜ਼ਨਸ ਤੇ ਜ਼ਮੀਨ ਜ਼ਾਇਦਾਦ, ਪੰਜਾਬ ਫੀਰੋਜ਼ਪੁਰ ਤੋ, ਵੀਜ਼ਟਰ ਵਿਜੇ ਤੇ ਆਏ ਲਈ ਪੀ-ਆਰ ਜਾਂ ਵੱਰਕ ਪਰਮਿਟ ਲੜਕੀ ਦੀ ਲੋੜ ਹੈ। ਲੜਕੇ ਦੀ ਭੈਣ ਕੈਨੇਡਾ ਵਿੱਚ ਵੈਲ-ਸੈਟਲਡ ਹੈ। ਸੰਪਰਕ ਕਰੋ: 647-625-5706

ਕੈਨੇਡਾ ਵਿਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ਰੂਰਤ ਹੈ। ਤਰਨਤਾਰਨ ਵਿਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਚਾਹਵਾਨ ਸੱਜਣ ਇਨ੍ਹਾਂ ਨੰਬਰਾਂ ਉਤੇ ਸੰਪਰਕ ਕਰ ਸਕਦੇ ਹਨ-9815908662, 9815032106,416-817-4684.

ਜੱਟ ਸਿੱਖ ਧਨੋਆ ਲੜਕਾ, ਉਮਰ 27 ਸਾਲ ਕੱਦ 5'11'' ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Studentਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸ਼ੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Studentਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਕੈਨੇਡੀਅਨ ਇਮੀਗ੍ਰੈਂਟ ਕੰਬੋਜ ਸਿੱਖ (ਚਤਰਥ) ਲੜਕਾ ਉਮਰ 32 ਸਾਲ 5'8'' ਸੋਹਣਾ ਸੁਨੱਖਾ, ਲਈ ਪੜ੍ਹੀ ਲਿਖੀ ਕੈਨੇਡਾ ਰਹਿੰਦੀ ਲੜਕੀ ਦੀ ਲੋੜ ਹੈ। ਮੁੰਡੇ ਦਾ ਸਾਰਾ ਪਰਿਵਾਰ ਕੈਨੇਡਾ ਸੈਟਲਡ ਹੈ। ਸੰਪਰਕ: 780-297-7375

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5'10'', Dentist, MBAਆਸਟਰੇਲੀਆ ਵਿੱਚ ਵੱਰਕ ਪਰਮਿਟ ਤੇ ਰਹਿੰਦੇ ਲੜਕੇ ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ :647-280-6503 । +91-98142-02918 (Whatsapp)

Seeking a suitable match for their son, never married, 43 years, 6' tall, fair, Ramdasia Gursikh, Amritdhari, Canadian citizen. Father class 1 retied officer and well settled family. Serious queries please respond on email sukhi_cancer@yahoo.com or call 416-721-5191 or 647-308-4411(contact after 5 pm)

## ਲੜਕੀ ਦੀ ਲੋੜ

ਸੁੰਨਿਆਰਾ ਲੜਕਾ, ਉੱਮਰ 25 ਸਾਲ, ਕੱਦ 5'8'', ਕੈਨੇਡੀਅਨ ਸਿਟੀਜ਼ਨ, ਵੈਲ ਸੇਟਲਡ, ਆਪਣਾ ਕਾਰੋਬਾਰ ਲਈ ਕੈਨੇਡੀਅਨ/ਅਮਰੀਕਨ ਸਿਟੀਜਨ ਜਾਂ ਪੀ ਆਰ ਲੜਕੀ ਦੀ ਲੋੜ ਹੈ। ਸਟੂਡੈਂਟ ਜਾਂ ਵਰਕ ਪਰਮਟ ਹੋਲਡਰ ਵੀ ਸੰਪਰਕ ਕਰ ਸਕਦੇ ਹਨ। ਕਿਰਪਾ ਕਰਕੇ ਆਪਣੇ ਬਰਾਦਰੀ ਵਾਲੇ ਹੀ ਸੰਪਰਕ ਕਰਨ।
ਕਾਲ : 647-739-3600 ।

ਅਰੋੜਾ ਸਿੱਖ ਲੜਕਾ, ਉੱਮਰ 36 ਸਾਲ, ਕੱਦ 5'11',ਕੇਨੈਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰ ਰਹੇ ਲੜਕੇ ਲਈ ਘਰੇਲੂ ਅਤੇ ਪੀ ਆਰ/ ਵਰਕ ਪਰਮਿਟ ਲੜਕੀ ਦੀ ਲੋੜ ਹੈ। ਕਿਰਪਾ 30 ਤੋ ਵੱਧ ਉੱਮਰ ਦੀਆਂ ਲੜਕੀਆਂ ਹੀ ਸੰਪਰਕ ਕਰਨ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 431-998-8022

ਜੱਟ ਸਿੱਖ ਲੜਕਾ, ਉੱਮਰ 27 ਸਾਲ, ਕੱਦ 5'11'', ਕੈਨੇਡਾ ਵਿੱਚ ਪੀ ਆਰ ਹੈ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਓਹੀ ਸੰਪਰਕ ਕਰਨ ਜੋ ਲੜਕੇ ਦੇ ਦੁਬਈ ਰੋਹਿੰਦੇ ਭਰਾ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ ਲੋਕਲ: (587)-936-0127 ਜਾਂ ਇੰਡੀਆ: +91-94179-16049

ਜੱਟ ਸਿੱਖ ਲੜਕਾ, ਉੱਮਰ 28 ਸਾਲ, ਕੱਦ 5'7'', ਕੈਨੈਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੀ ਆਰ ਜਾਂ ਸਿਟੀਜਨ , ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕੇਨੈਡਾ ਵਿੱਚ ਪੀ ਆਰ ਅਤੇ ਵਧੀਆ ਸੈਟਲਡ ਹੈ। ਪੰਜਾਬ ਤੋਂ ਮਾਝੇ ਜਿਲ੍ਹੇਂ ਨੂੰ ਪਹਿਲ ਦਿੱਤੀ ਜਾਵੇਗੀ। ਕਾਲ ਕਰੋ: 716-536-1939 ਜਾਂ ਵਟਸਐਪ ਕਰੋ: +91-98144-90449

ਜੱਟ ਸਿੱਖ ਲੜਕਾ ਗਰੇਵਾਲ, ਉੱਮਰ 35 ਸਾਲ, ਕੱਦ 5'5'', ਪੀ ਆਰ, ਕੈਨੇਡਾ ਵਿੱਚ ਵੈਲ ਸੈਟਲਡ, ਤਲਾਕਸ਼ੁਦਾ ਪਰ ਬੇਕਸੂਰ ਅਤੇ ਕੋਈ ਬੱਚਾ ਨਹੀਂ, ਨਸ਼ਾ ਰਹਿਤ, ਪੰਜਾਬ ਵਿੱਚ ਸ਼ਹਿਰੀ ਜ਼ਮੀਨ ਦਾ ਮਾਲਕ ਲਈ ਖਾਨਦਾਨੀ ਲੜਕੀ ਦੀ ਲੋੜ ਹੈ। ਪੀ ਆਰ ਲੜਕੀ ਨੂੰ ਪਹਿਲ। ਲੜਕੇ ਦੇ ਮਾਤਾ ਪਿਤਾ ਸੂਪਰਵੀਜ਼ੇ ਤੇ ਕੈਨੇਡਾ ਆਏ ਹਨ ਅਤੇ ਭੈਣ ਵੇਲ ਸੈਟਲਡ ਹੈ। ਲੜਕੇ ਦਾ ਭਰਾ ਅਮਰੀਕਾ ਵਿੱਚ ਰਹਿੰਦਾ ਹੈ। ਵਧੇਰੀ ਜਾਣਕਾਰੀ ਲਈ ਕਾਲ ਕਰੋ: 647-836-5403

## ਲੜਕੇ ਦੀ ਲੋੜ

ਜੱਟ ਸਿੱਖ ਲੜਕੀ, ਕੱਦ 5 ਫੁੱਟ 3 ਇੰਚ, ਜਨਮ 1989, ਬੀ.ਐਡ., ਐਮ.ਏ ਈਕੋਨਾਮਿਕਸ, ਆਈਲੈਟਸ 'ਚ 6.5 ਬੈਂਡਜ਼ ਇਨ ਜਨਰਲ, ਜੋ ਕਿ 6 ਸਾਲ ਦਾ ਪੜ੍ਹਾਉਣ ਦਾ ਤਜਰਬਾ ਰੱਖਦੀ ਹੈ ਅਤੇ ਭਾਰਤ 'ਚ ਰਹਿ ਰਹੀ ਹੈ, ਲਈ ਕੈਨੇਡੀਅਨ ਪੀ.ਆਰ., ਸਪਾਂਸਰਸ਼ਿਪ, ਵਰਕ ਪਰਮਿਟ ਵਾਲੇ ਲੜਕੇ ਦੀ ਲੋੜ ਹੈ। ਲੜਕੀ ਦੀ ਭੈਣ ਕੈਨੇਡਾ ਵੈੱਲ ਸੈਟਲਡ ਹੈ। ਸੰਪਰਕ:- ਭਾਰਤ- 95925-26284, ਕੈਨੇਡਾ- 403-804-9345

ਲੁਬਾਣਾ ਸਿੱਖ ਪਰਿਵਾਰ, ਉੱਮਰ 26 ਸਾਲ, ਕੱਦ 5'5'', ਕੈਨੇਡੀਅਨ ਯੂਨੀਵਰਸਿਟੀ ਤੋਂ ਬੀ ਐਸ ਸੀ ਡੀਗਰੀ ਪ੍ਰਾਪਤ ਕੀਤੀ ਹੈ ਅਤੇ ਆਪਣੀ ਫੀਲਡ ਵਿੱਚ ਹੀ ਚੰਗੀ ਜੋਬ ਕਰ ਰਹੀ ਹੈ ਲਈ ਚੰਗੇ, ਯੋਗ ਅਤੇ ਪੜੇ ਲਿਖੇ ਲੜਕੇ ਦੀ ਲੋੜ ਹੈ। ਜੀ ਟੀ ਏ ਨੂੰ ਪਹਿਲ। ਕਾਲ ਕਰੋ : 647-938-9464

Seeking a suitable match for Canadian born punjabi tonk kshatriya girl, 36 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜੱਟ ਸਿੱਖ ਢਿੱਲੋ ਲੜਕੀ, ਉਮਰ 31 ਸਾਲ, ਕੱਦ 5'-3'', ਪੜ੍ਹੀ-ਲਿਖੀ ਤੇ ਕੈਨੇਡਾ ਵਿੱਚ P.R ਲੜਕੀ ਲਈ ਪੜ੍ਹਿਆ-ਲਿਖੀਆ P.R ਜਾਂ Work Permit/Visitor Visa ਤੇ ਆਏ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 28 ਸਾਲ ਤੋ ਘੱਟ ਨਾ ਹੋਵੇ ਤੇ ਨਸ਼ਿਆ ਤੋਂ ਰਹਿਤ ਹੋਵੇ। ਮਾਲਵੇ ਨੂੰ ਪਹਿਲ। ਸੰਪਰਕ ਕਰੋ: +91 98881-21412 ਜਾਂ +91 97802-16716

ਰਸੂਖ਼ਦਾਰ ਪੰਜਾਬੀ ਖੱਤਰੀ ਪਰਿਵਾਰ ਦੀ ਖ਼ੂਬਸੂਰਤ ਤੇ ਚੰਗੀ ਪੜ੍ਹੀ ਲਿਖੀ ਲੜਕੀ ਲਈ ਵੈੱਲਸੈਟਲਡ ਤੇ ਯੋਗ ਵਰ ਦੀ ਭਾਲ ਹੈ। ਲੜਕੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਜੀਆਈਐਸ ਐਂਡ ਰਿਮੋਟ ਸੈਂਸਿੰਗ ਵਿੱਚ ਪੋਸਟ ਗ੍ਰੈਜੂਏਟ ਹੈ। ਲੜਕੀ ਦੀ ਉਮਰ 29 ਸਾਲ, ਕੱਦ 5 ਫੁੱਟ 1 ਇੰਚ ਹੈ। ਲੜਕੀ ਸੁਸ਼ੀਲ ਤੇ ਪਰਿਵਾਰਪੱਖੀ ਸੋਚ ਰੱਖਣ ਵਾਲੀ ਹੈ। ਲੜਕੀ ਭਾਰਤ ਦੀ ਨਾਗਰਿਕ ਹੈ ਤੇ ਇਸ ਸਮੇਂ ਭਾਰਤ ਵਿੱਚ ਹੀ ਹੈ। ਭਰਾ ਦਾ ਪਰਿਵਾਰ ਸਥਾਈ ਤੌਰ ਉੱਤੇ ਟੋਰਾਂਟੋ ਸੈਟਲਡ ਹੈ। ਇਸ ਸਮੇਂ ਪਿਤਾ ਟੋਰਾਂਟੋ ਵਿੱਚ ਹਨ। ਸੰਪਰਕ : 416-890-2725 (ਪਿਤਾ), 416-457-8631 (ਭਰਾ), email- mthapar21@gmail.com

## ਲੜਕੇ ਦੀ ਲੋੜ

ਜੱਟ ਸਿੱਖ ਲੜਕੀ, ਉਮਰ 27 ਸਾਲ, ਕੱਦ 5'-5'', MBA, ਕੈਨੇਡੀਅਨ ਪੀ ਆਰ ਵਧੀਆ ਜੋਬ ਕਰ ਰਹੀ ਲੜਕੀ ਲਈ ਜੱਟ ਸਿੱਖ ਪੜੇ ਲਿੱਖੇ,ਪੀ ਆਰ ਅਤੇ ਸੈਟਲਡ ਲੜਕੇ ਦੀ ਲੋੜ ਹੈ। ਟੋਰਾਂਟੋ/ਕੇਲਗਰੀ ਨੂੰ ਪਹਿਲ ਦਿੱਤੀ ਜਾਵੇਗੀ।
ਕਾਲ ਕਰੋ:647-569-3479 ਜਾਂ ਵਟਸਐਪ +91-94640-41287

ਜੱਟ ਸਿੱਖ ਲੜਕੀ, 35 ਸਾਲ, ਕੱਦ 5'3'', ਵਿਜੀਟਰ ਵੀਜ਼ੇ ਤੇ ਆਈ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਪੀ ਆਰ ਲੜਕੇ ਦੀ ਲੋੜ ਹੈ। ਕਾਲ 647-456-1772

ਜੱਟ ਸਿੱਖ ਗਿਲ ਲੜਕੀ, ਜਨਮ 1991, ਕੱਦ 5'-4'', Btech Electrical, ਕੈਨੇਡੀਅਨ ਪੀ ਆਰ ਲਈ ਗੁਰਸਿੱਖ, ਪੜੇ ਲਿੱਖੇ ਅਤੇ ਸੈਟਲਡ ਲੜਕੇ ਦੀ ਲੋੜ ਹੈ। ਲੜਕੀ ਦਾ ਸਾਰਾ ਪਰਿਵਾਰ ਇੰਡੀਆ ਵਿੱਚ ਰਹਿੰਦਾ ਹੈ। ਇੰਡੀਆ ਰਹਿੰਦੇ ਲੜਕੇ ਵੀ ਸੰਪਰਕ ਕਰ ਸਕਦੇ ਹਨ। ਸੰਪਰਕ ਕਰੋ: +91-94640-34653

ਜੱਟ ਸਿੱਖ ਲੜਕੀ, ਉਮਰ 29 ਸਾਲ , ਕੱਦ 5'5'', ਕਨੈਡੀਅਨ ਪੀ ਆਰ, M.A B.Ed , ਚੰਗੀ ਜੋਬ ਕਰ ਰਹੀ ਲੜਕੀ ਲਈ ਪੜ੍ਹਿਆ-ਲਿਖਿਆ, ਖਾਨਦਾਨੀ ਕੈਨੇਡੀਅਨ PR ਜਾਂ ਵੱਰਕ ਪਰਮਿਟ ਤੇ ਆਏ ਲੜਕੇ ਦੀ ਲੋੜ ਹੈ।
ਸੰਪਰਕ ਕਰੋ : 437-233-7609 ।
ਟੋਰਾਂਟੋ ਰਹਿੰਦੇ ਲੜਕੇ ਨੂੰ ਪਹਿਲ ਦਿੱਤੀ ਜਾਵੇਗੀ।

Seeking a suitable match for Canadian born punjabi tonk kshatriya girl, 35 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜੱਟ ਸਿੱਖ ਸਰਾਂ, ਉਮਰ 32 ਸਾਲ, ਕੱਦ 6'' ਫੁੱਟ, **Canadian P.R** ਲੜਕੇ ਲਈ ਲੜਕੀ ਦੀ ਲੋੜ ਜਿਹੜੀ **Visitor/Nanny** ਜਾਂ ਫਿਰ **Student** ਹੋਵੇ ਅਤੇ ਉਮਰ 26 ਸਾਲ, ਜਾਂ ਉਸ ਤੋਂ ਉੱਪਰ ਹੋਵੇ। ਸੰਪਰਕ ਕਰੋ: 289-489-9321


ਕੈਨੇਡੀਅਨ ਪੰਜਾਬੀ ਪੋਸਟ
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ ਕਾਲ ਕਰੋ: 905-793-2202


Check our Free E-paper at: www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ ਕਾਲ ਕਰੋ: 905-793-2202
ਕੈਨੇਡੀਅਨ ਪੰਜਾਬੀ ਪੋਸਟ



## UPPAL LAW
IMMIGRATION SERVICES
- Visitor Visa
- Super Visa
- Study,Work,Visitor Extension Visa
- Spousal Applications
- Family Sponsorship
- Permanent Residence Card Renewal
- Citizenship Application
- All Invitation Letters

OTHER PRACTICES
- Criminal Law
- Family Law
- Power of Attorney
- Change of Name
- Notarization
- Travel Consent
- Affidavit
- Landlord and Tenant Matters

AVTAR UPPAL Manager
AMAN UPPAL Barrister,Solicitor
FREE Consultation
Tel: 905-500-1507
351 Parkhurst Square, # 16, Brampton,ON L6T 0C2, Fax: 905-672-7848
* PRIOR APPOINTMENT NECESSARY



## ਫੋਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
15 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

## STARLANE PAINTING
Residential • Commercial • Industrial
- Hotel • Motel • Exterior
- Interior • Spray Painting
- Office Painting • Drywall Fixing

ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਧਨੋਆ

